ਸੰਤ ਨਿਰੰਕਾਰੀ

April to June 2020 ₹ 15/-

Sant Nirankari (Punjabi) Vol . 64 No. 04-06

ਸਮਦ੍ਰਿਸ਼ਟੀ ਨਾਲ ਸਦਾ ਵਿਚਰਦੇ
ਗਿਆਨੀਜਨ ਸੰਸਾਰ ਵਿਚ
ਕਹੇ 'ਹਰਦੇਵ' ਕਿ ਪਿਆਰ ਵਧਾਂਦੇ
ਲਗ ਜਾਂਦੇ ਉਪਕਾਰ ਵਿਚ

ਦੇਸ਼ ਭਰ ਵਿਚ ਕੋਰੋਨਾ ਨਾਲ ਪੀੜਿਤ ਪ੍ਰਭਾਵਿਤਾਂ ਦੀ ਸੇਵਾ ਮੁਹਿੰਮ ਵਿਚ ਯੋਗਦਾਨ ਦੇਂਦੇ ਹੋਏ ਸੰਤ ਨਿਰੰਕਾਰੀ ਮਿਸ਼ਨ ਅਤੇ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਸੇਵਾਦਾਰ

ਸੰਤ ਨਿਰੰਕਾਰੀ

ਅਪ੍ਰੈਲ-ਜੂਨ 2020

ਦੇਸ਼ ਅਤੇ ਵਿਸ਼ਵ ਭਰ ਦੀਆਂ ਗਿਆਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ

ਸਾਲ 64 । ਅੰਕ 04-06 । ਪੇਜ 44

ਸਥਾਈ

04
ਸੰਪਾਦਕੀ
ਸੁਲੇਖ 'ਸਾਥੀ'

05
ਸਤਿਗੁਰੂ ਪ੍ਰਵਚਨ
ਸਤਿਗੁਰੂ ਮਾਤਾ ਜੀ

ਲੇਖ

09
ਮਹਾਨ ਸ਼ਖਸੀਅਤ ਬਾਬਾ ਗੁਰਬਚਨ ਸਿੰਘ ਜੀ
ਕਿਰਪਾ ਸਾਗਰ

12
ਰੱਬੀ ਏਕਤਾ ਹੀ ਮਾਨਵ ਏਕਤਾ
ਕੁਲਵੰਤ ਪ੍ਰੀਤ ਟੰਡਨ

13
ਅਸ਼ੀਰਵਾਦ
ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

14
ਨੂਰ-ਏ-ਇਲਾਹੀ ਮੇਰੇ ਹਰਦੇਵ
ਅਮਰ ਸਿੰਘ ਕੈਲੇ

16
ਖ਼ੂਨਦਾਨ ਮਹਾਨ ਸੇਵਾ
ਪ੍ਰਮੋਦ ਧੀਰ

19
ਸਭ ਆਪਸ ਵਿਚ ਮਿਲ ਕੇ ਪਿਆਰ ਨਾਲ ਰਹਿਣ
ਨਿਰੰਕਾਰੀ ਰਾਜਮਾਤਾ ਜੀ

20
ਬ੍ਰਹਮਗਿਆਨ ਨਾਲ ਸੰਭਵ ਹੈ ਸਬਰ-ਸੰਤੋਖ ਦਾ ਆਉਣਾ

22-23
ਧਰਮ ਪਿਆਰ ਅਤੇ ਏਕਤਾ ਸਿਖਾਉਂਦੈ
ਬਾਬਾ ਗੁਰਬਚਨ ਸਿੰਘ ਜੀ

24
ਰੂਪ ਬਦਲਦਾ ਹੈ ਸੰਦੇਸ਼ ਨਹੀਂ
ਡਾ.ਕੇ.ਐਲ ਗੋਇਲ

27
ਅਸ਼ੀਰਵਾਦ ਕਿਵੇਂ ਪ੍ਰਾਪਤ ਕਰੀਏ !
ਜਸਪ੍ਰੀਤ ਕੌਰ

28
ਮਾਨਵਤਾ ਦੇ ਨਾਂ ਸੰਦੇਸ਼
ਸਤਿਗੁਰੂ ਮਾਤਾ ਜੀ

ਸਤੰਭ

21
ਗੀਤ-ਗੁਲਜ਼ਾਰ
ਜਸਪਾਲ, ਸਫ਼ਰੀ, ਵਿਦਿਆ ਚੌਹਾਨ

26
ਕਵੀਆਂ ਦੀ ਕਲਮ ਚੋਂ
'ਭੱਟੀ', 'ਕਰਮ', 'ਦਰਦ'

30-42
ਸੂਚਨਾ ਸਮਾਚਾਰ

Editor : Sulekh Singh 'Sathi' (Honorary)
Office : Patrika Vibhag, Sant Nirankari Mandal (Regd.), Sant Nirankari Colony, Delhi-110009

The editor may not agree with the views of the authors of articles and poems in this issue

All disputes are subject to Delhi Jurisdiction only

Printer & Publisher C.L. Gulati, on behalf of Sant Nirankari Mandal (Regd.) Delhi-110009, printed at MP Printers, B-220, Phase II, Noida (UP) Pin-201305 and Published at Sant Nirankari Satsang Bhawan, Sant Nirankari Colony, Delhi-110009. Editor: Sulekh Singh 'Sathi'

Associate Editor : Nirmala Devi

Printed at: MP Printers, B-220, Phase II, Noida (UP) PIN 201305
Designing : Nirankari Art Group
Photo : Nirankari Studio

Subscription Details

ਦੇਸ਼	1 ਸਾਲ	3 ਸਾਲ	5 ਸਾਲ	11 ਸਾਲ
ਭਾਰਤ/ਨੇਪਾਲ	₹ 150	₹ 400	₹ 700	₹ 1500
ਯੂ.ਕੇ.	£ 15	£ 40	£ 70	£ 150
ਯੂਰਪ	€ 20	€ 55	€ 95	€ 200
ਅਮਰੀਕਾ	$ 25	$ 70	$ 120	$ 250
ਕਨਾਡਾ/ਆਸਟ੍ਰੇਲੀਆ	$ 30	$ 85	$ 140	$ 300

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ

ਸੰਪਾਦਕੀ

ਆਪਣੀ ਜ਼ਿੰਮੇਦਾਰੀ ਨਿਭਾਈਏ

ਅੱਜ ਸਮੁੱਚਾ ਵਿਸ਼ਵ ਇਕ ਭਿਆਨਕ ਦੌਰ ਚੋਂ ਲੰਘ ਰਿਹਾ ਹੈ। ਦੁਨੀਆ ਦਾ ਹਰ ਦੇਸ਼ ਕੋਰੋਨਾ ਨਾਂ ਦੀ ਬੀਮਾਰੀ ਨਾਲ ਤ੍ਰਸਤ ਹੈ। ਸਾਰੇ ਪਰੇਸ਼ਾਨ ਹਨ ਅਤੇ ਰੱਬ ਅੱਗੇ ਅਰਦਾਸ ਕਰ ਰਹੇ ਹਨ ਕਿਉਂਕਿ ਪਰਮ ਪਿਤਾ ਪ੍ਰਮਾਤਮਾ ਹੀ ਇਨਸਾਨਾਂ ਨੂੰ ਇਸ ਬੀਮਾਰੀ ਤੋਂ ਬਚਾਅ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰਿਸ਼ਟੀ ਦਾ ਰਚਨਹਾਰ ਇਹ ਨਿਰੰਕਾਰ ਪ੍ਰਭੂ ਹੈ ਅਤੇ ਇਸਨੂੰ ਚਲਾਉਣ ਅਤੇ ਸਮੇਟਣ ਦਾ ਅਧਿਕਾਰ ਵੀ ਪਰਮ ਪਿਤਾ ਪ੍ਰਮਾਤਮਾ ਕੋਲ ਹੀ ਹੈ; ਪਰ ਇਹ ਵੀ ਸੱਚ ਹੈ ਕਿ ਨਿਰੰਕਾਰ ਪ੍ਰਭੂ ਨੇ ਇਨਸਾਨ ਨੂੰ ਐਨੀ ਚੇਤੰਨਤਾ ਤੇ ਸਮਝ ਸ਼ਕਤੀ ਪ੍ਰਦਾਨ ਕੀਤੀ ਹੈ ਕਿ ਉਹ ਮਿਲੀਆਂ ਸੁਆਸਾਂ ਦੇ ਚਲਦੇ ਤਕ ਅਪਣੇ ਸਰੀਰ ਦੀ ਯਾਤਰਾ ਨੂੰ ਚੰਗੀ ਤਰ੍ਹਾਂ ਤੈਅ ਕਰੇ। ਨਿਰੰਕਾਰ ਪ੍ਰਭੂ ਰਾਹੀਂ ਪ੍ਰਦਾਨ ਕੀਤੀ ਅਮੋਲਕ ਮਾਨਵ ਦੇਹੀ ਦੀ ਸੰਭਾਲ ਲਈ ਹਰ ਯੋਗ ਜਤਨ ਕਰੇ।

ਸੰਤ ਮਹਾਂਪੁਰਸ਼ ਹਮੇਸ਼ਾ ਇਸ ਵਿਸ਼ਵਾਸ ਨਾਲ ਹੀ ਸੰਸਾਰ ਵਿਚ ਜੀਉਂਦੇ ਹਨ ਕਿ 'ਜਿਸ ਦੇ ਸਿਰ ਉਪਰ ਤੂੰ ਸਵਾਮੀ ਸੋ ਦੁਖ ਕੈਸਾ ਪਾਵੈ।' ਪਰ ਸਰੀਰ ਕਿਉਂਕਿ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਅਤੇ ਇਹ ਪੰਜੇ ਤੱਤ ਪ੍ਰਕ੍ਰਿਤੀ ਦਾ ਸਰੂਪ ਹਨ। ਪ੍ਰਕ੍ਰਿਤੀ ਨੂੰ ਮਾਇਆ ਵੀ ਕਿਹਾ ਗਿਆ ਹੈ। ਇਸਲਈ ਪ੍ਰਕ੍ਰਿਤੀ ਵਿਚ ਬਦਲਾਵ ਆਉਂਦਾ ਰਹਿੰਦਾ ਹੈ, ਇਹ ਕਦੇ ਇਕਰਸ ਨਹੀਂ ਰਹੀ। ਪਹਿਲਾਂ ਵੀ ਇਸਦੇ ਕਈ ਪ੍ਰਭਾਵ ਸੰਸਾਰ ਨੂੰ ਵੇਖਣ ਨੂੰ ਮਿਲਦੇ ਰਹੇ ਹਨ। ਤੇਜ ਹਵਾਵਾਂ, ਤੂਫ਼ਾਨ, ਹੜ੍ਹ, ਭੂਚਾਲ, ਗਰਮੀ ਅਤੇ ਸਰਦੀ ਆਦਿ ਅਨੇਕਾਂ ਰੂਪਾਂ ਦਾ ਸਾਹਮਣਾ ਇਨਸਾਨਾਂ ਨੂੰ ਕਰਨਾ ਪੈਂਦਾ ਹੈ।

ਲੋਕ ਇਸ ਤੋਂ ਡਰਦੇ ਜਾਂ ਪਰੇਸ਼ਾਨ ਤਾਂ ਹੁੰਦੇ ਹਨ ਪਰ ਹੌਸਲਾ ਕਦੇ ਨਹੀਂ ਹਾਰਦੇ। ਇਨ੍ਹਾਂ ਤੋਂ ਆਪਣੇ ਬਚਾਅ ਦੇ ਤਰੀਕੇ ਖੋਜਦੇ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਕਰਦੇ ਹਨ। ਹਰ ਤਰ੍ਹਾਂ ਦੀ ਚੇਤੰਨਤਾ ਵਰਤਦੇ ਹਨ, ਜਿਸ ਕਾਰਣ ਮੁਸ਼ਕਿਲ ਦੇ ਉਸ ਸਮੇਂ ਤੋਂ ਪਾਰ ਪਾ ਜਾਂਦੇ ਹਨ।

ਅੱਜ ਵੀ ਅਜਿਹੀ ਹੀ ਚੇਤੰਨਤਾ ਵਰਤਣ ਦੀ ਲੋੜ ਹੈ। ਇਕ ਦੂਜੇ ਦੇ ਸੰਪਰਕ ਤੋਂ ਫੈਲਣ ਵਾਲੀ ਇਸ ਬੀਮਾਰੀ ਤੋਂ ਬਚਣ ਲਈ ਅਨੇਕਾਂ ਉਪਾਅ ਸੁਝਾਏ ਜਾ ਰਹੇ ਹਨ। ਭਾਰਤ ਸਰਕਾਰ, ਰਾਜ ਸਰਕਾਰਾਂ ਅਤੇ ਹੋਰ ਪ੍ਰਬੰਧਕੀ ਤੇ ਧਾਰਮਿਕ ਅਦਾਰਿਆਂ ਵੱਲੋਂ ਵੀ ਕੁਝ ਆਦੇਸ਼-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ। ਸਭ ਦਾ ਮਕਸਦ ਇਹੀ ਹੈ ਕਿ ਨਿਰੰਕਾਰ ਪ੍ਰਭੂ ਦੀ ਇਸ ਸੁੰਦਰ ਰਚਨਾ ਦੀ ਸੁੰਦਰਤਾ ਕਾਇਮ ਰਹੇ ਅਤੇ ਇਥੇ ਵਸਣ ਵਾਲੇ ਸਾਰੇ ਇਨਸਾਨ ਸਿਹਤਮੰਦ ਰਹਿਣ। ਇਸ ਲਈ ਜ਼ਰੂਰੀ ਹੈ ਕਿ ਅਸੀਂ ਸਾਰੇ ਮਾਨਵ ਪਰਿਵਾਰ ਦਾ ਅੰਗ ਹੋਣ ਦੇ ਨਾਤੇ ਇਨ੍ਹਾਂ ਆਦੇਸ਼ਾਂ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਨਾ ਕਰੀਏ।

ਸੰਤ ਨਿਰੰਕਾਰੀ ਮਿਸ਼ਨ ਵੀ ਇਸੀ ਵਿਸ਼ਵ ਦਾ ਇਕ ਅੰਗ ਹੈ ਅਤੇ ਵਿਸ਼ਵ ਭਾਈਚਾਰੇ ਅਤੇ ਵਿਸ਼ਵ ਕਲਿਆਣ ਦਾ ਉਦੇਸ਼ ਲੈ ਕੇ ਚਲ ਰਿਹਾ ਹੈ। ਸ਼ਹਿਰ-ਸ਼ਹਿਰ, ਪਿੰਡ-ਪਿੰਡ ਸੰਗਤਾਂ ਕਰਕੇ ਮਾਨਵ ਮਾਤਰ ਨੂੰ ਆਪਸ ਵਿਚ ਜੋੜਨ ਦਾ ਕੰਮ ਕਰ ਰਿਹਾ ਹੈ। ਜਦ ਤੋਂ ਕੋਰੋਨਾ ਨਾਂ ਦੀ ਇਸ ਬੀਮਾਰੀ ਨੇ ਹਿੰਦੁਸਤਾਨ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ ਹਨ, ਇਸ ਵਿਚ ਇਨਸਾਨਾਂ ਦਾ ਇਨਸਾਨਾਂ ਨਾਲ ਸੰਪਰਕ ਬੀਮਾਰੀ ਦੇ ਫੈਲਣ ਦਾ ਕਾਰਣ ਬਣ ਸਕਦਾ ਹੈ, ਤਾਂ ਮਿਸ਼ਨ ਰਾਹੀਂ ਵੀ ਏਤਿਹਾਤਨ ਅਪਣੀਆਂ ਸੰਗਤਾਂ ਨੂੰ ਕੁਝ ਸਮੇਂ ਲਈ ਬੰਦ ਕਰ ਦਿੱਤਾ ਹੈ। ਇਹ ਠੀਕ ਹੈ ਕਿ ਜਦ ਤਕ ਹਾਲਾਤ ਨਹੀਂ ਸੁਧਰਦੇ, ਪਹਿਲਾਂ ਵਾਲੇ ਸਰੂਪ ਵਿਚ ਸੰਗਤਾਂ ਦਾ ਆਨੰਦ ਅਸੀਂ ਨਹੀਂ ਮਾਣ ਸਕਾਂਗੇ ਪਰ ਨਿਰੰਕਾਰ ਪ੍ਰਭੂ ਤਾਂ ਹਰ ਥਾਂ ਤੇ ਹੈ, ਸਾਡੇ ਘਰਾਂ ਵਿਚ ਵੀ ਹੈ ਅਤੇ ਘਰ ਦੇ ਜੀਆਂ ਵਿਚ ਵੀ ਬਿਰਾਜਮਾਨ ਹੈ, ਇਸਲਈ ਅਸੀਂ ਘਰ ਬੈਠ ਕੇ ਸਿਮਰਨ ਦਾ ਸਹਾਰਾ ਲੈ ਕੇ ਅਤੇ ਘਰ ਦੇ ਮੈਂਬਰਾਂ ਨਾਲ ਬੈਠ ਕੇ ਹਰੀ-ਚਰਚਾ ਕਰਦਿਆਂ ਇਸ ਸਮੇਂ ਵਿਚ ਵੀ ਅਪਣੇ ਵਿਸ਼ਵਾਸ ਅਤੇ ਅਕੀਦੇ ਨੂੰ ਗੁਰੂ-ਨਿਰੰਕਾਰ ਪ੍ਰਤੀ ਦ੍ਰਿੜ ਰੱਖ ਸਕਦੇ ਹਾਂ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਅਪਣੇ ਵਿਸ਼ੇਸ਼ ਸੰਦੇਸ਼ ਵਿਚ ਇਸੀ ਗੱਲ ਤੇ ਜ਼ੋਰ ਦਿੱਤਾ ਹੈ ਅਤੇ ਫਰਮਾਇਆ ਹੈ ਕਿ ਸੰਪੂਰਨ ਅਵਤਾਰ ਬਾਣੀ, ਸੰਪੂਰਣ ਹਰਦੇਵ ਬਾਣੀ ਅਤੇ ਮਿਸ਼ਨ ਦੀਆਂ ਹੋਰ ਪੁਸਤਕਾਂ ਦਾ ਅਧਿਐਨ ਕਰਕੇ ਉਸਨੂੰ ਵਿਚਾਰਨ ਅਤੇ ਅਮਲਾਉਣ ਵਿਚ ਇਸ ਸਮੇਂ ਦਾ ਸਦ-ਉਪਯੋਗ ਕਰਨਾ ਹੈ।

ਹਰ ਸੰਤ ਚੇਤੰਨ ਹੈ ਅਤੇ 'ਦੇਸ਼ ਕਾਲ ਤੇ ਸਮੇਂ ਮੁਤਾਬਿਕ ਸਤਿਗੁਰ ਜਿਵੇਂ ਚਲਾਂਦਾ ਏ, ਹੁਕਮ ਇਹਦਾ ਸਿਰ ਮਥੇ ਧਰ ਕੇ ਗੁਰਸਿਖ ਚਲਦਾ ਜਾਂਦਾ ਏ।' ਅਨੁਸਾਰ ਅੱਜ ਸਮੇਂ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ, ਹਰ ਏਤੀਹਾਤ ਨੂੰ ਵਰਤਦਿਆਂ ਅਪਣੀ ਜ਼ਿੰਮੇਵਾਰੀ ਨੂੰ ਸਮਝਣਾ ਹੈ ਅਤੇ ਨਿਭਾਉਣਾ ਹੈ।

– ਸੁਲੇਖ 'ਸਾਥੀ'



ਸਤਿਗੁਰੂ ਪ੍ਰਵਚਨ

6 ਫਰਵਰੀ, 2020 (ਐਤਵਾਰ) ਨੂੰ ਬਾਂਦਰਾ ਕੁਰਲਾ ਕੰਪਲੈਕਸ ਮੈਦਾਨ, ਮੁੰਬਈ ਵਿਖੇ ਹੋਏ ਵਿਸ਼ਾਲ ਸਤਿਸੰਗ ਸਮਾਰੋਹ ਵਿੱਚ ਸ਼ਾਮਿਲ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਫਰਮਾਇਆ–

ਸਾਧ ਸੰਗਤ ਜੀ ਪ੍ਰੇਮ ਨਾਲ ਬੋਲਣਾ,
ਧੰਨ ਨਿਰੰਕਾਰ ਜੀ!

ਸਾਧ ਸੰਗਤ ਜੀ, ਅੱਜ ਇਥੇ ਮੁੰਬਈ ਕੁਰਲਾ ਕੰਪਲੈਕਸ ਦੇ ਇਸ ਮੈਦਾਨ ਵਿੱਚ ਆਪ ਸਭ ਕੁਝ ਘੰਟਿਆਂ ਤੋਂ ਸਤਿਸੰਗ ਦਾ ਆਨੰਦ ਲੈ ਰਹੇ ਹੋ। ਪੂਰੇ ਸਤਿਸੰਗ ਵਿੱਚ ਅਸੀਂ ਸੁਣਿਆ ਕਿ ਯੁੱਗਾਂ-ਯੁੱਗਾਂ ਤੋਂ ਸੰਤਾਂ ਨੇ ਇਹੀ ਸੰਦੇਸ਼ ਇਸ ਧਰਤੀ ਤੇ ਦਿੱਤਾ ਹੈ ਕਿ ਅਸੀ ਸਭ ਤੋਂ ਪਹਿਲਾਂ ਅਪਣੀ ਪਹਿਚਾਣ ਕਰਨੀ ਹੈ ਕਿ ਅਸੀਂ ਕੌਣ ਹਾਂ ਅਤੇ ਅਸੀਂ

ਇਸ ਧਰਤੀ ਤੇ ਕਿਉਂ ਆਏ ਹਾਂ? ਉਹ ਕੀ ਉਦੇਸ਼ ਹੈ ਜੋ ਅਸੀਂ ਪ੍ਰਾਪਤ ਕਰਨਾ ਹੈ ਅਤੇ ਇਹ ਸਾਹਾਂ ਦੀਆਂ ਘੜੀਆਂ ਜਦੋਂ ਖ਼ਤਮ ਹੋ ਜਾਣਗੀਆਂ ਤਾਂ ਅੰਤ ਵਿੱਚ ਸਾਡਾ ਕੀ ਹੋਵੇਗਾ, ਫਿਰ ਅਸੀਂ ਕਿਥੇ ਜਾਣਾ ਹੈ? ਇਸ ਗੱਲ ਨੂੰ ਜੇਕਰ ਉਦਾਹਰਣ ਦੇ ਤੌਰ ਤੇ ਵੇਖੀਏ ਕਿ ਇਕ ਹੀਰਾ ਹੈ ਅਤੇ ਇਕ ਕੱਚ ਹੈ। ਕੱਚ ਦੇ ਡਿੱਬੇ ਵਿੱਚ ਹੀਰੇ ਨੂੰ ਪਾ ਦਿਓ। ਹੁਣ ਅਸੀਂ ਉਸ ਕੱਚ ਦੀ ਡਿੱਬੀ ਨੂੰ ਬਹੁਤ ਹਿਫ਼ਾਜਤ ਨਾਲ ਸੰਭਾਲ ਕੇ ਰੱਖਦੇ ਹਾਂ ਫਿਰ ਵੀ ਜੇਕਰ ਉਹ ਕੱਚ ਦੀ ਡਿੱਬੀ ਗਿਰ ਜਾਂਦੀ ਹੈ ਤਾਂ ਵੀ ਉਹ ਹੀਰਾ ਆਪਣੀ ਉਸੀ ਹੋਂਦ ਦੇ ਰੂਪ ਵਿੱਚ ਰਹਿ ਜਾਂਦਾ ਹੈ। ਇਸੀ ਗੱਲ ਨੂੰ ਜੇਕਰ ਅਸੀਂ ਇਸ ਤਰ੍ਹਾਂ ਸਮਝੀਏ ਕਿ ਆਪਣੇ ਸਰੀਰ ਨੂੰ ਕੱਚ ਮੰਨ ਲਈਏ ਅਤੇ ਇਸ ਕੱਚ ਦੀ ਡਿੱਬੀ ਵਿੱਚ ਇਹ ਜੋ ਹੀਰਾ ਹੈ, ਭਾਵ ਇਸ ਸਰੀਰ ਦੇ ਅੰਦਰ ਜੋ ਆਤਮਾ ਹੈ ਤਾਂ ਅਸੀਂ ਖੁਦ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਕੀਮਤ ਕਿਸਦੀ ਜ਼ਿਆਦਾ ਹੋਵੇਗੀ, ਸਰੀਰ ਦੀ ਜਾਂ ਆਤਮਾ ਦੀ? ਨਿਸ਼ਚਿਤ ਹੈ ਕਿ ਆਤਮਾ ਦੀ ਕੀਮਤ ਇਸ ਸਰੀਰ ਦੇ ਸਾਹਮਣੇ ਬਹੁਤ ਹੀ ਜ਼ਿਆਦਾ ਹੈ ਕਿਉਂਕਿ ਆਤਮਾ ਦੀ ਯਾਤਰਾ ਤਾਂ ਲੰਬੀ ਹੈ ਅਤੇ ਸਰੀਰ ਛਿੰਨ-ਭੰਗੁਰ ਹੈ, ਸਰੀਰ ਕੁਝ ਸਾਲਾਂ ਦੇ ਲਈ ਹੀ ਹੈ। ਜੀਵਨ ਦੀ ਇਹ ਯਾਤਰਾ ਖ਼ਤਮ ਹੋਣੀ ਹੈ, ਇਸ ਸਰੀਰ ਦਾ ਸਾਥ ਛੁੱਟ ਜਾਣਾ ਹੈ ਆਤਮਾ ਪ੍ਰਮਾਤਮਾ ਦੀ ਅੰਸ਼ ਹੈ। ਅਸਲ ਵਿੱਚ ਇਹ ਆਤਮਾ ਹੀ ਹੈ ਜੋ ਇਸ ਸਰੀਰ ਨੂੰ ਚਲਾ ਰਹੀ ਹੁੰਦੀ ਹੈ। ਅਸੀਂ ਇਸ ਗੱਲ ਨੂੰ ਸਮਝ ਲਈਏ ਕਿ ਆਤਮਾ ਦਾ ਕੀ ਮਕਸਦ ਹੈ ਇਸ ਸਰੀਰ ਵਿੱਚ ਆਉਣਾ ਦਾ? ਤਾਂ ਗੱਲ ਇਹੀ ਹੈ ਕਿ ਜਦੋਂ ਅਸੀਂ ਇਸ ਪ੍ਰਮਾਤਮਾ ਦੀ ਪਹਿਚਾਣ ਕਰ ਲੈਂਦੇ ਹਾਂ ਉਦੋਂ ਆਤਮਾ ਨੂੰ ਸਮਝ ਆਉਂਦੀ ਹੈ ਕਿ ਉਸਦੀ ਅਸਲੀ ਹੋਂਦ ਕੀ ਹੈ। ਇਹੀ ਗੱਲ ਸੰਤਾਂ ਨੇ ਕਹੀ ਹੈ ਕਿ ਚਾਹੇ ਕੋਈ ਵੀ ਧਰਮ ਗ੍ਰੰਥ ਖੋਲ੍ਹ ਕੇ ਵੇਖੀਏ ਤਾਂ ਹਰ ਇਕ ਥਾਂ ਇਹੀ ਲਿਖਿਆ ਹੈ ਕਿ ਜਦੋਂ ਇਸ ਆਤਮਾ ਦਾ ਪ੍ਰਮਾਤਮਾ ਨਾਲ ਮਿਲਣ ਹੋਵੇਗਾ ਤਾਂ ਹੀ ਮੁਕਤੀ ਸੰਭਵ ਹੈ।

ਅਸੀਂ ਆਪਣੇ ਆਪ ਵਲ ਨਜ਼ਰ ਮਾਰ ਕੇ ਵੇਖੀਏ ਕਿ ਅਸੀਂ ਇਸ ਸੰਸਾਰ ਵਿੱਚ ਆ ਕੇ ਸੰਸਾਰ ਦੇ ਰੰਗ ਵਿੱਚ ਹੀ ਰੰਗ ਜਾਂਦੇ ਹਾਂ। ਬਚਪਨ ਤੋਂ ਸਾਡੀ ਇਹ ਜੀਵਨ ਯਾਤਰਾ ਜਵਾਨੀ ਤੋਂ ਬਜ਼ੁਰਗੀ ਤੱਕ ਜਾਂਦੀ ਹੈ ਤਾਂ ਜੋ-ਜੋ ਵੀ ਸਾਨੂੰ ਉਸ ਸਮੇਂ ਸਹੀ ਲਗ ਰਿਹਾ ਹੁੰਦਾ ਹੈ, ਸਾਡੇ ਜੀਵਨ ਵਿੱਚ ਜਿਸ ਚੀਜ਼ ਦੀ ਮਹੱਤਤਾ ਉਸ ਉਮਰ ਦੇ ਹਿਸਾਬ ਨਾਲ ਹੁੰਦੀ ਹੈ, ਕਦੇ ਸਕੂਲ-ਕਾਲਿਜ ਦੀ ਪੜਾਈ, ਅੱਗੇ ਆਪਣੇ ਕਾਰੋਬਾਰ, ਘਰ-ਬਾਰ, ਕੰਮਕਾਜ, ਪਰਿਵਾਰ ਅਤੇ ਫਿਰ ਇੰਝ ਹੀ ਜੋ ਅਸੀਂ ਵੇਖਦੇ ਹਾਂ, ਉਸੀ ਦੇ ਰੰਗ ਵਿੱਚ ਜ਼ਿਆਦਾ ਰੰਗ ਜਾਂਦੇ ਹਾਂ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਦੋਂ ਇਹ ਸਾਹ ਰੁਕਣਗੇ ਤਾਂ ਮਹੱਤਤਾ ਜਿਸ ਕੰਮ ਵਿੱਚ ਰੱਖਣੀ ਸੀ ਉਹ ਕੰਮ ਅਸੀਂ ਕਰਨਾ ਹੈ ਜਾਂ ਨਹੀਂ ਜਾਂ ਬਸ ਇਹ ਮਾਇਆ ਜੋ ਭਰਮ ਹੈ, ਕੁਝ ਪਲ ਦਾ ਹੈ, ਕੁਝ ਸਾਲਾਂ ਦਾ ਹੈ, ਉਸੀ ਵਿੱਚ ਤਾਂ ਨਹੀਂ ਖੋਹ ਗਏ? ਕੀ ਅਸੀਂ ਇਸ ਆਤਮਾ ਦਾ ਕਲਿਆਣ ਕੀਤਾ ਜਾਂ ਨਹੀਂ? ਅਸੀਂ ਆਪਣੇ ਮਨ ਵਿੱਚ ਅਲਗ-ਅਲਗ ਵਿਕਾਰ ਹੀ ਰੱਖਦੇ ਰਹੇ, ਜਿਵੇਂ-ਜਿਵੇਂ ਇਸ ਜ਼ਿੰਦਗੀ ਨੂੰ ਜੀਵਿਆ ਆਪਣੇ ਮਨ ਵਿੱਚ ਨਫ਼ਰਤ ਵੀ ਪਾਲ ਲਈ, ਆਪਣੇ ਮਨ ਨੂੰ ਅਸੀਂ ਤੰਗਦਿਲੀ ਵਿੱਚ ਰੱਖਿਆ। ਤਾਂ ਇਹ ਅਨੁਭਵ ਵੀ ਹੋਇਆ। ਅਸੀਂ ਕਦੇ ਇਹ ਮੰਨ ਲੈਂਦੇ ਹਾਂ ਕਿ ਅਸੀਂ ਖੁਸ਼ ਨਹੀਂ ਹਾਂ ਕਿਉਂਕਿ ਸਾਡੇ ਆਲੇ-ਦੁਆਲੇ ਦਾ ਮਾਹੌਲ ਖੁਸ਼ਨੁਮਾ ਨਹੀਂ ਹੈ। ਗਹਿਰਾਈ ਨਾਲ ਸੋਚੀਏ ਕਿ ਅਸੀਂ ਕਦੇ-ਕਦੇ ਇਕਾਂਤ ਵਿੱਚ ਬੰਦ ਕਮਰੇ ਵਿੱਚ ਵੀ ਬੈਠੇ ਹੋਈਏ ਤਾਂ ਵੀ ਉਦਾਸੀ ਅਨੁਭਵ ਹੁੰਦੀ ਹੈ। ਜੇਕਰ ਹਾਲਾਤਾਂ ਨੇ ਹੀ ਮਨ ਨੂੰ ਖੁਸ਼ ਜਾਂ ਉਦਾਸ ਰੱਖਣਾ ਹੁੰਦਾ ਹੈ ਤਾਂ ਫਿਰ ਸਾਨੂੰ ਉਸ ਸਮੇਂ, ਇਸ ਇਕਾਂਤ ਵਿੱਚ ਤਾਂ ਉਦਾਸ ਨਹੀਂ ਹੋਣਾ ਚਾਹੀਦਾ ਸੀ। ਗੱਲ ਕੁਝ ਹੋਰ ਹੈ। ਅਸੀਂ ਜਿਸ ਨੂੰ ਖੁਸ਼ੀ

ਸਮਝ ਰਹੇ ਹਾਂ ਇਹ ਅੰਦਰ ਦੀ ਗੱਲ ਹੈ, ਇਹ ਅੰਦਰੂਨੀ ਹੈ, ਬਾਹਰੀ ਚੀਜ਼ਾਂ ਤੇ ਇਹ ਨਿਰਭਰ ਨਹੀਂ ਕਰਦੀ।

ਅਸੀਂ ਆਪਣੇ ਮਨ ਨੂੰ ਹਮੇਸ਼ਾ ਖੁਸ਼ੀ ਦੀ ਅਵਸਥਾ ਵਿੱਚ ਬਲਕਿ ਉਸ ਤੋਂ ਵੀ ਉਪਰ ਦਾ ਦਰਜ਼ਾ ਜੋ ਇਸ ਆਨੰਦ ਦੀ ਅਵਸਥਾ ਨੂੰ ਮਿਲਿਆ ਹੈ, ਇਸ ਵਿੱਚ ਰੱਖੀਏ ਕਿਉਂਕਿ ਆਨੰਦ ਦੀ ਅਵਸਥਾ ਹੀ ਸੱਚੀ ਖੁਸ਼ੀ ਹੈ। ਮਨਾਂ ਵਿੱਚ ਹਮੇਸ਼ਾ ਖੁਸ਼ੀ ਰਹੇ ਇਸ ਦੇ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਇਸ ਆਤਮਾ ਦਾ ਪ੍ਰਮਾਤਮਾ ਨਾਲ ਜਦੋਂ ਮਿਲਾਪ ਹੁੰਦਾ ਹੈ, ਜਦੋਂ ਬ੍ਰਹਮਗਿਆਨ ਮਿਲਦਾ ਹੈ ਤਾਂ ਉਸਦੇ ਬਾਅਦ ਪਲ-ਪਲ ਜੀਵਨ ਵਿੱਚ ਇਹ ਸਮਝ ਰਹਿੰਦੀ ਹੈ ਕਿ ਸਾਨੂੰ ਕਿਸ ਸਮੇਂ ਕੀ ਕੰਮ ਕਰਨਾ ਹੈ। ਕੁਝ ਪ੍ਰਸਥਿਤੀਆਂ ਬਣੀਆਂ, ਉਸ ਤੇ ਸਾਡੀ ਪ੍ਰਤੀਕ੍ਰਿਆ ਕਿਹੋ ਜਿਹੀ ਹੈ, ਉਹ ਰਿਏਲਿਟੀ ਚੈਕ (ਸੱਚਾਈ ਦੀ ਜਾਂਚ) ਵਾਲੀ, ਆਤਮ-ਨਿਰੀਖਣ ਵਾਲੀ ਗੱਲ ਨੂੰ ਸੋਚ ਕੇ ਖੁਦ ਆਪਣਾ ਵਿਸ਼ਲੇਸ਼ਣ ਕਰੀਏ ਕਿ ਕਿਵੇਂ ਇਹ ਸਾਡਾ ਮਾਰਗ ਜੋ ਸੰਤਾਂ ਨੇ ਦੱਸਿਆ ਹੈ ਸਹੀ ਮਾਰਗ ਹੈ ਜਾਂ ਨਹੀਂ ਅਤੇ ਉਸ ਤੇ ਅਸੀਂ ਚਲ ਵੀ ਰਹੇ ਹਾਂ ਕਿ ਨਹੀਂ। ਜੇਕਰ ਅਸੀਂ ਸੰਸਾਰ ਵਿੱਚ ਮਨੁੱਖ ਦਾ ਤਨ ਲੈ ਕੇ ਆਏ ਹਾਂ ਤਾਂ ਸਾਨੂੰ ਉਸ ਤਨ ਤੋਂ ਕੀ ਉਸਦੇ ਫੁਲ ਪੋਟੇਂਸ਼ਿਅਲ (ਪੂਰੀ ਯੋਗਤਾ) ਤੱਕ ਉਹ ਕੰਮ ਲੈ ਰਹੇ ਹਾਂ ਕਿ ਨਹੀਂ ਲੈ ਰਹੇ ਹਾਂ।

ਉਦਾਹਰਣ ਦੇ ਤੌਰ ਤੇ ਵੇਖੀਏ ਕਿ ਜੇਕਰ ਇਕ ਤਾਲਾਬ ਸੁਕ ਗਿਆ ਹੈ ਤਾਂ ਉਹ ਸੁੱਕਾ ਤਾਲਾਬ ਹੁਣ ਤਾਲਾਬ ਕਹਿਲਾਉਣ ਦਾ ਹੱਕਦਾਰ ਨਹੀਂ ਰਿਹਾ। ਜੇਕਰ ਕੋਈ ਫੁੱਲ ਮੁਰਝਾ ਗਿਆ ਹੈ, ਉਸ ਵਿੱਚ ਖੁਸ਼ਬੂ ਨਹੀਂ ਰਹੀ ਤਾਂ ਉਹ ਸਹੀ ਮਾਇਨੇ ਵਿੱਚ ਫੁੱਲ ਨਹੀਂ ਰਿਹਾ। ਜੇਕਰ ਕਿਸੇ ਸਕੂਲ ਦੀ ਬਿਲਡਿੰਗ ਹੈ ਪਰ ਉਸ ਵਿੱਚ ਬੱਚੇ ਨਹੀਂ ਹਨ, ਟੀਚਰ ਨਹੀਂ ਹੈ ਤਾਂ ਉਹ ਬਿਲਡਿੰਗ ਅਸਲ ਰੂਪ ਵਿੱਚ ਸਕੂਲ ਕਹਿਲਾਉਣ ਦੇ ਲਾਇਕ ਨਹੀਂ ਹੈ। ਸਥਾਨਾਂ ਦੀ, ਵਸਤੂਆਂ ਦੀ ਕੀਮਤ ਤਾਂ ਹੀ ਹੈ ਜਦੋਂ ਉਨ੍ਹਾਂ ਦੇ ਗੁਣ ਉਨ੍ਹਾਂ ਨਾਲ ਮੇਲ ਖਾਂਦੇ ਹਨ। ਜੇਕਰ ਅਸੀਂ ਇਹ ਵੇਖੀਏ ਕਿ ਅਸੀਂ ਮਨੁੱਖ ਹੋ ਕੇ ਮਾਨਵੀਂ ਗੁਣਾਂ ਤੋਂ ਦੂਰ ਹਾਂ, ਮਾਨਵੀਂ ਗੁਣਾਂ ਤੋਂ ਪਰੇ ਹਾਂ ਤਾਂ ਅਸੀਂ ਇਨਸਾਨ ਹੁੰਦੇ ਹੋਏ ਵੀ ਇਨਸਾਨੀ ਗੁਣਾਂ ਦੇ ਬਿਨਾ ਇਨਸਾਨ ਕਹਿਲਾਉਣ ਦੇ ਵੀ ਕਾਬਿਲ ਨਹੀਂ ਹਾਂ ਕਿਉਂਕਿ ਇਨਸਾਨ ਬਣਨਾ ਸਿਰਫ਼ ਇਸ ਸਰੀਰ ਦਾ ਹੋਣਾ ਨਹੀਂ ਹੈ, ਇਨਸਾਨ ਇਨਸਾਨੀਅਤ ਅਤੇ ਇਸ ਦਿਲ ਵਿੱਚ ਜੋ ਭਾਵਨਾਵਾਂ ਹਨ ਉਨ੍ਹਾਂ ਦੇ ਕਾਰਣ ਹੈ। ਅਸੀਂ ਹਰ ਇਕ ਨਾਲ ਪਿਆਰ ਕਰ ਰਹੇ ਹਾਂ ਤਾਂ ਮਨੁੱਖ ਹਾਂ, ਦਿਲ ਵਿੱਚ ਇਕ-ਦੂਜੇ ਦੇ ਲਈ ਕਰੂਣਾ ਹੈ, ਦਇਆ ਹੈ ਤਾਂ ਮਨੁੱਖ ਹਾਂ, ਇਕ-ਦੂਜੇ ਦੇ ਲਈ ਉਹ ਭਾਵ ਕਿ ਸਾਹਮਣੇ ਵਾਲੇ ਇਨਸਾਨ ਨੂੰ ਸਾਡੀ ਵਜ੍ਹਾਂ ਨਾਲ ਕੁਝ ਆਰਾਮ ਮਿਲੇ ਤਾਂ ਮਨੁੱਖ ਹਾਂ। ਸੰਸਾਰ ਦੇ ਲਈ, ਸਮਾਜ ਦੇ ਲਈ, ਦੇਸ਼ ਦੇ ਲਈ ਅਸੀਂ ਜੇਕਰ ਅਜਿਹਾ ਕੰਮ ਕਰ ਰਹੇ ਹਾਂ ਜੋ ਸਮਰਪਿਤ ਭਾਵ ਨਾਲ ਹੈ, ਸੇਵਾ ਭਾਵ ਨਾਲ ਹੈ। ਮਦਦ ਵਾਲੀ ਭਾਵਨਾ ਨਾਲ ਨਹੀਂ ਬਲਕਿ ਸਮਰਪਿਤ ਸੇਵਾ ਭਾਵ ਨਾਲ ਕੀਤਾ ਗਿਆ ਹੈ ਤਾਂ ਉਹ ਹਰ ਕੰਮ ਇਸ ਸੰਸਾਰ ਦੇ ਲਈ ਵਰਦਾਨ ਹੈ ਕਿਉਂਕਿ ਅਸੀਂ ਸੰਸਾਰ ਵਿੱਚ ਆਪਣਾ ਕੰਮ ਸਹੀ ਢੰਗ ਨਾਲ ਕਰ ਰਹੇ ਹਾਂ।

ਅਸੀਂ ਆਪਣੇ ਜੀਵਨ ਨੂੰ ਉਸ ਰਾਹ ਤੇ ਚਲਾਈ ਰੱਖਣਾ ਹੈ ਜੋ ਸੰਤਮਤੀ ਵਾਲਾ ਮਾਰਗ ਹੈ। ਸੰਤਾਂ ਨੇ ਹਮੇਸ਼ਾ ਤੋਂ ਜੋ ਮਾਰਗ ਦਰਸਾਇਆ ਹੈ, ਉਸ ਮਾਰਗ ਤੇ ਚਲਣ ਵਾਲਾ ਆਪਣਾ ਜੀਵਨ ਅਸੀਂ ਬਣਾਉਣਾ ਹੈ। ਭਗਤੀ ਦੀ ਰਾਹ ਤੇ ਅਸੀਂ ਪਿਆਰ ਭਰਪੂਰ ਜ਼ਿੰਦਗੀ ਜੀਣੀ ਹੈ। ਜੇਕਰ ਸਾਡੀ ਭਗਤੀ ਵਿੱਚ ਪ੍ਰੇਮਾ ਭਗਤੀ ਨਹੀਂ ਹੈ ਤਾਂ ਇਹ ਫਾਇਦੇ-ਨੁਕਸਾਨ ਦੀ ਗੱਲ ਆ ਜਾਂਦੀ ਹੈ ਕਿ ਭਗਤੀ ਕਰਨ ਵੇਲੇ ਵੀ ਇਹ ਸੋਚ ਲੈਣਾ ਹੈ ਕਿ ਜੇਕਰ ਮੇਰਾ ਕੋਈ ਫਾਇਦਾ ਹੋਵੇਗਾ, ਜੇਕਰ ਮੇਰੇ ਮਨ ਵਿੱਚ ਕੋਈ ਖੁਹਾਇਸ਼ ਹੈ, ਕੋਈ

ਜੇਕਰ ਅਸੀਂ ਮਨੁੱਖ ਹੋ ਕੇ ਮਾਨਵੀ ਗੁਣਾਂ ਤੋਂ ਦੂਰ ਹਾਂ, ਮਾਨਵੀ ਗੁਣਾਂ ਤੋਂ ਪਰੇ ਹਾਂ ਤਾਂ ਅਸੀਂ ਇਨਸਾਨ ਹੁੰਦੇ ਹੋਏ ਵੀ ਇਨਸਾਨੀ ਗੁਣਾਂ ਦੇ ਬਿਨਾ ਇਨਸਾਨ ਕਹਿਲਾਉਣ ਦੇ ਵੀ ਕਾਬਿਲ ਨਹੀਂ ਹਾਂ ਕਿਉਂਕਿ ਇਨਸਾਨ ਬਣਨਾ ਸਿਰਫ਼ ਇਸ ਸਰੀਰ ਦਾ ਹੋਣਾ ਨਹੀਂ ਹੈ, ਇਨਸਾਨ ਇਨਸਾਨੀਅਤ ਅਤੇ ਇਸ ਦਿਲ ਵਿੱਚ ਜੋ ਭਾਵਨਾਵਾਂ ਹਨ ਉਨ੍ਹਾਂ ਦੇ ਕਾਰਣ ਹੈ। ਅਸੀਂ ਹਰ ਇਕ ਨਾਲ ਪਿਆਰ ਕਰ ਰਹੇ ਹਾਂ ਤਾਂ ਮਨੁੱਖ ਹਾਂ, ਦਿਲ ਵਿੱਚ ਇਕ-ਦੂਜੇ ਦੇ ਲਈ ਕਰੁਣਾ ਹੈ, ਦਇਆ ਹੈ ਤਾਂ ਮਨੁੱਖ ਹਾਂ, ਇਕ-ਦੂਜੇ ਦੇ ਲਈ ਉਹ ਭਾਵ ਕਿ ਸਾਹਮਣੇ ਵਾਲੇ ਇਨਸਾਨ ਨੂੰ ਸਾਡੀ ਵਜ੍ਹਾਂ ਨਾਲ ਕੁਝ ਆਰਾਮ ਮਿਲੇ ਤਾਂ ਮਨੁੱਖ ਹਾਂ।

ਤਮੰਨਾ ਹੈ, ਉਹ ਪੂਰੀ ਹੋਵੇਗੀ ਤਾਂ ਹੀ ਮੈਂ ਇਸ ਪ੍ਰਮਾਤਮਾ ਨਾਲ ਆਪਣਾ ਰਿਸ਼ਤਾ ਬਣਾਵਾਂਗਾ ਵਰਨਾ ਕੋਈ ਜ਼ਰੂਰਤ ਨਹੀਂ ਹੈ ਤਾਂ ਫਿਰ ਉਸ ਤੇ ਤਾਂ ਉਹੀ ਲਾਈਨ ਠੀਕ ਬੈਠਦੀ ਹੈ ਕਿ-

ਸਜਦੇ ਭੀ ਕਰੂੰ ਸ਼ਿਕਵੇ ਵੀ ਕਰੂੰ ਯਿਹ ਭਗਤੀ ਕਾ ਦਸਤੂਰ ਨਹੀਂ।
ਭਗਤੀ ਹੈ ਨਾਮ ਸਮਰਪਣ ਕਾ ਇਸ ਮੇਂ ਸ਼ਰਤੇਂ ਮੰਜ਼ੂਰ ਨਹੀਂ।

ਅਸੀਂ ਇਸ ਬੇਗਰਜ਼ ਮੁਹੱਬਤ ਵਾਲੀ ਗੱਲ, ਇਕ ਸਮਰਪਿਤ ਪਿਆਰ ਦੀ ਗੱਲ, ਅਜਿਹੀ ਭਗਤੀ ਜਿਸ ਵਿੱਚ ਇਸ ਪ੍ਰਮਾਤਮਾ ਦੀ ਰਾਹ ਤੇ ਅਸੀਂ ਚੱਲਣਾ ਹੈ, ਉਸ ਨੂੰ ਅਸੀਂ ਪਸੰਦ ਕਰੀਏ। ਬਿਲਕੁਲ ਜਿਹੋ ਜਿਹਾ ਹੈ ਉਸਨੂੰ ਉਂਝ ਹੀ ਪਰਵਾਨ ਕਰਕੇ ਉਸੀ ਵਿੱਚ ਆਨੰਦ ਲਈਏ, ਤਾਂ ਹੀ ਸਹੀ ਮਾਇਨੇ ਵਿੱਚ ਭਗਤੀ ਕੀਤੀ ਜਾ ਰਹੀ ਹੈ, ਵਰਨਾ ਅਸੀਂ ਆਪਣੀ ਤ੍ਰਿਸ਼ਨਾਵਾਂ ਰੱਖਦੇ ਹੋਏ ਜੇਕਰ ਸੋਚੀਏ ਕਿ ਕੋਈ ਚੀਜ਼ ਮੇਰੇ ਅਨੁਸਾਰ ਹੈ ਤਾਂ ਹੀ ਮੈਂ ਭਗਤੀ ਕਰਨੀ ਹੈ ਨਹੀਂ ਤਾਂ ਨਹੀਂ ਕਰਨੀ, ਤਾਂ ਇਸ ਵਿੱਚ ਨੁਕਸਾਨ ਸਿਰਫ਼ ਸਾਡਾ ਹੈ ਕਿਉਂਕਿ ਜੋ ਪ੍ਰਮਾਤਮਾ ਨੇ ਦਿੱਤਾ ਹੈ ਉਹ ਸਾਡੇ ਲਈ ਬਹੁਤ ਹੈ, ਉਸੀ ਵਿੱਚ ਅਸੀਂ ਖੁਸ਼ ਰਹਿਣਾ ਹੈ ਅਤੇ ਕੋਈ ਮਜ਼ਬੂਰੀ ਸਮਝ ਕੇ ਖੁਸ਼ ਨਹੀਂ ਹੋਣਾ ਕਿ ਕੋਈ ਵੈਸੀ ਸਥਿਤੀ ਨਹੀਂ ਹੈ ਤਾਂ ਹੁਣ ਅਸੀਂ ਕੀ ਕਰ ਸਕਦੇ ਹਾਂ? ਜੋ ਹੈ ਸੋ ਹੈ, ਅਜਿਹੇ ਭਾਵ ਨਾਲ ਨਹੀਂ ਬਲਕਿ ਇਹ ਮੰਨ ਕੇ ਕਿ ਪ੍ਰਮਾਤਮਾ ਨੇ ਸਾਡੇ ਲਈ ਇਹ ਸਥਿਤੀ ਵੀ ਇਸਲਈ ਰਚੀ ਹੈ ਕਿਉਂਕਿ ਇਸ ਤੋਂ ਬਿਹਤਰ ਸਾਡੇ ਲਈ ਇਸ ਸਮੇਂ ਕੁਝ ਨਹੀਂ ਹੈ ਤਾਂ ਕਿਵੇਂ ਅਸੀਂ ਅਪਣੀ ਬੋਲੀ, ਭਾਸ਼ਾ, ਅਪਣੇ ਰਹਿਣ ਦੇ ਤਰੀਕੇ ਵਿੱਚ, ਆਪਣੇ ਵਿਵਹਾਰ ਵਿੱਚ, ਅਪਣੀ ਸੋਚ ਵਿੱਚ ਸਿਰਫ਼ ਚੰਗੇ ਗੁਣਾਂ ਨੂੰ ਹੀ ਗ੍ਰਹਿਣ ਕਰਨਾ ਹੈ, ਸਿਰਫ਼ ਅਜਿਹੀਆਂ ਹੀ ਭਾਵਨਾਵਾਂ ਨੂੰ ਪਹਿਲ ਦੇਣੀ ਹੈ ਜੋ ਸਾਨੂੰ ਖੁਦ ਸੁਧਾਰ ਦੀ ਰਾਹ ਤੇ ਲੈ ਜਾਣ ਅਤੇ ਜਿਸ ਜਿਸ ਨਾਲ ਵੀ ਅਸੀਂ ਕਿਸੇ ਤਰ੍ਹਾਂ ਨਾਲ ਜੁੜੇ ਹੋਏ ਹਾਂ ਉਨ੍ਹਾਂ ਇਨਸਾਨਾਂ ਨੂੰ ਵੀ ਉਹ ਰਾਹ ਪ੍ਰਭਾਵਿਤ ਕਰੇ। ਉਨ੍ਹਾਂ ਦੇ ਮਨ ਵਿੱਚ ਵੀ ਇੱਛਾ ਆਏ ਕਿ ਕਿਵੇਂ ਇਸ ਵਿਅਕਤੀ ਦੀ ਤਰ੍ਹਾਂ ਹੀ ਆਪਣੇ ਜੀਵਨ ਨੂੰ ਜੀਵਿਆ ਜਾਵੇ।

ਅਸੀਂ ਖੁਦ ਜੇਕਰ ਇਸ ਪ੍ਰਮਾਤਮਾ-ਨਿਰੰਕਾਰ ਨਾਲ ਜੁੜੇ ਹੋਏ ਹਾਂ, ਬ੍ਰਹਮਗਿਆਨ ਦੀ ਦਾਤ ਲੈ ਕੇ ਸੇਵਾ, ਸਿਮਰਨ, ਸਤਿਸੰਗ ਦੇ ਰਾਹੀਂ ਆਪਣੇ ਆਪ ਨੂੰ ਇਸ ਦੇ ਅਹਿਸਾਸ ਵਿੱਚ ਰੰਗਿਆ ਹੋਇਆ ਹੈ ਤਾਂ ਅਸੀਂ ਆਪਣੇ ਮਨ ਨੂੰ ਠਹਿਰਾਵ ਦੇ ਨਾਲ ਸ਼ੀਤਲ ਰੱਖ ਕੇ ਅਪਣੀ ਜੀਵਨ ਯਾਤਰਾ ਚਲਾਵਾਂਗੇ, ਆਪਣੇ ਮਨ ਵਿੱਚ ਚੰਗੀਆਂ ਗੱਲਾਂ ਰੱਖ ਕੇ ਅਵਗੁਣਾਂ ਅਤੇ ਬੁਰੀਆਂ ਗੱਲਾਂ ਨੂੰ ਜਲਦੀ ਤੋਂ ਜਲਦੀ ਹਟਾਉਂਦੇ ਰਹਾਂਗੇ ਤਾਂ ਹੀ ਸਾਡੀ ਜ਼ਿੰਦਗੀ ਸਹੀ ਮਾਇਨੇ ਵਿੱਚ ਭਗਤੀ ਦੀ ਰਾਹ ਤੇ ਹੈ।

ਦਾਸੀ ਅੰਤ ਵਿੱਚ ਇਹੀ ਅਰਦਾਸ ਰਖੇਗੀ ਕਿ ਉਸ ਤਰ੍ਹਾਂ ਨਾਲ ਤਾਂ ਮੁੰਬਈ ਵਿੱਚ ਹੀ ਮਹਾਂਰਾਸ਼ਟਰ ਦਾ ਸਮਾਗਮ ਐਨੇ ਸਾਲਾਂ ਤੋਂ ਹੁੰਦਾ ਰਿਹਾ ਹੈ ਪਰ ਇਸ ਵਾਰ ਨਾਸ਼ਿਕ ਵਿੱਚ ਹੋਇਆ ਤਾਂ ਆਪ ਸਭ ਨੇ ਬਹੁਤ ਵੱਧ-ਚੜ੍ਹ ਕੇ ਹਿੱਸਾ ਲਿਆ, ਉਧਰ ਵੀ ਇਕ ਮਿੰਟ ਦੇ ਲਈ ਵੀ ਨਹੀਂ ਸੋਚਿਆ ਕਿ ਹੁਣ ਤੱਕ ਬਹੁਤ ਸੁਵਿਧਾਜਨਕ ਸੀ, ਸਾਨੂੰ ਜ਼ਿਆਦਾ ਯਾਤਰਾ ਨਹੀਂ ਕਰ ਕਰਨੀ ਪੈਂਦੀ ਸੀ। ਹੁਣ ਚਾਹੇ ਉਹ ਯਾਤਰਾ ਦਾ ਰੂਪ ਵੀ ਵੱਧ ਗਿਆ ਹੋਵੇਗਾ ਉਥੇ ਪਹੁੰਚਣ ਤੱਕ, ਫਿਰ ਵੀ ਉਹ ਉਤਸਾਹ ਭਗਤਾਂ ਦੇ ਮਨ ਵਿੱਚ ਹੈ ਕਿ ਇਸ ਰਸਤੇ ਵਿੱਚ ਜੇਕਰ ਅੰਤਿਮ ਨਤੀਜਾ ਇਹ ਹੈ ਕਿ ਅਪਣਾ ਕਲਿਆਣ ਹੋਣਾ ਹੈ ਤਾਂ ਫਿਰ ਕੋਈ ਦੂਜੇ ਤੱਥ ਮਾਇਨੇ ਨਹੀਂ ਰੱਖਦੇ, ਫਿਰ ਉਹ ਚੀਜ਼ ਅਸੁਵਿਧਾ ਦੀ ਤਰ੍ਹਾਂ ਨਹੀਂ ਦਿਖਦੀ।

ਦਾਤਾਰ ਸਾਰਿਆਂ ਤੇ ਕ੍ਰਿਪਾ ਕਰੇ ਕਿ ਇਹ ਜੋ ਉਤਸਾਹ ਹੈ ਸਤਿਸੰਗ ਦੇ ਪ੍ਰਤੀ, ਸੇਵਾ ਦੇ ਪ੍ਰਤੀ, ਸਿਮਰਨ ਦੇ ਪ੍ਰਤੀ, ਇਸ ਨਿਰੰਕਾਰ ਦੇ ਨਾਲ ਅਪਣਾ ਹਰ ਪਲ ਇਸ ਅਹਿਸਾਸ ਵਿੱਚ ਬਿਤਾਉਣ ਦੇ ਪ੍ਰਤੀ, ਤਾਂ ਇਹ ਜ਼ਜ਼ਬਾ ਹਮੇਸ਼ਾ ਕਾਇਮ ਰਹੇ, ਸਾਰਿਆਂ ਦੇ ਦਾਮਨ ਵਿੱਚ ਜਿਥੇ ਸੁੱਖ ਰਹਿਣ ਉਥੇ ਕੋਈ ਜੇਕਰ ਅਜਿਹੀ ਵੀ ਪ੍ਰਸਥਿਤੀ ਹੋਵੇ ਜੋ ਉਸ ਸਮੇਂ ਠੀਕ ਨਾ ਲਗ ਰਹੀ ਹੋਵੇ, ਉਸ ਸਮੇਂ ਵੀ ਇਹ ਮੰਨਦੇ ਚਲੇ ਜਾਈਏ ਕਿ ਇਸੀ ਵਿੱਚ ਹੀ ਸਾਡਾ ਸ਼ੁਕਰਾਨਾ ਹੈ ਪ੍ਰਮਾਤਮਾ ਦੇ ਪ੍ਰਤੀ ਜਿਸ ਨੇ ਸਾਨੂੰ ਜੀਵਨ ਵਿੱਚ ਐਨਾ ਕੁਝ ਦਿੱਤਾ ਹੈ। ਦਾਤਾਰ ਸਾਡੇ ਤੇ ਕ੍ਰਿਪਾ ਕਰੇ ਕਿ ਹਰ ਇਕ ਦੀ ਭਗਤੀ ਹੋਰ ਮਜ਼ਬੂਤ ਹੁੰਦੀ ਚਲੀ ਜਾਵੇ, ਇਹ ਜੀਵਨ ਹੋਰ ਖੁਸ਼ਬੂਦਾਰ ਬਣਦਾ ਚਲਾ ਜਾਵੇ।

ਸਾਧ ਸੰਗਤ ਜੀ, ਧੰਨ ਨਿਰੰਕਾਰ ਜੀ।

ਮਹਾਨ ਸ਼ਖਸੀਅਤ
ਬਾਬਾ ਗੁਰਬਚਨ ਸਿੰਘ ਜੀ

❐ ਕ੍ਰਿਪਾ ਸਾਗਰ (ਦਿੱਲੀ)

ਅੱਜ ਜੋ ਸੰਤ ਨਿਰੰਕਾਰੀ ਮਿਸ਼ਨ ਦਾ ਵਿਸ਼ਵ-ਵਿਆਪੀ ਅਧਿਆਤਮਿਕ ਵਿਚਾਰਧਾਰਾ ਦੇ ਰੂਪ ਵਿੱਚ ਵਿਸ਼ਾਲ ਰੂਪ ਦਿਖਾਈ ਦਿੰਦਾ ਹੈ, ਉਹ ਪਹਿਲੇ ਦਿਨ ਤੋਂ ਹੀ ਚਲਦੀ ਆ ਰਹੀ ਮਹਾਨ ਮੁਹਿੰਮ ਦਾ ਨਤੀਜਾ ਹੈ। ਇਹ ਪ੍ਰਤੀਕ ਹੈ ਇਕ ਦੇ ਬਾਅਦ ਇਕ ਦੈਵੀ ਮੂਰਤੀਆਂ - ਬਾਬਾ ਬੂਟਾ ਸਿੰਘ ਜੀ, ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ, ਬਾਬਾ ਗੁਰਬਚਨ ਸਿੰਘ ਜੀ, ਬਾਬਾ ਹਰਦੇਵ ਸਿੰਘ ਜੀ, ਮਾਤਾ ਸਵਿੰਦਰ ਹਰਦੇਵ ਜੀ ਅਤੇ ਵਰਤਮਾਨ ਸਤਿਗੁਰੂ ਮਾਤਾ ਸੁਦੀਕਸ਼ਾ ਸਵਿੰਦਰ ਹਰਦੇਵ ਜੀ ਦੇ ਵੱਡਮੁੱਲੇ ਯੋਗਦਾਨ ਦਾ।

ਮਿਸ਼ਨ ਦੇ 90 ਸਾਲਾਂ ਦੇ ਲੰਮੇ ਇਤਿਹਾਸ ਵਿੱਚ ਇਨ੍ਹਾਂ ਨੇ ਮਿਸ਼ਨ ਨੂੰ ਨਾ ਕੇਵਲ ਇਕ ਸ਼ਕਤੀਸ਼ਾਲੀ ਵਿਚਾਰਧਾਰਾ ਪ੍ਰਦਾਨ ਕੀਤੀ ਬਲਕਿ ਇਸ ਨਾਲ ਸੰਸਾਰਿਕ ਜੀਵਨ ਵਿੱਚ ਲਾਭ ਲੈਣ ਦੀ ਕਲਾ ਵੀ ਸਿਖਾਈ ਹੈ। ਨਾਲ ਹੀ ਨਾਲ ਇਸ ਮੁਹਿੰਮ ਨੂੰ ਜਨ-ਜਨ ਤਕ ਪਹੁੰਚਾਉਣ ਲਈ ਜ਼ਰੂਰੀ ਪ੍ਰਬੰਧ ਵਿਵਸਥਾ ਦਾ ਵੀ ਨਿਰਮਾਣ ਕੀਤਾ। ਇਹ ਵੀ ਮਿਸ਼ਨ ਦੇ ਹਰ ਮਾਰਗ-ਦਰਸ਼ਕ ਦੀ ਦੂਰ-ਅੰਦੇਸ਼ੀ ਦਾ ਨਤੀਜਾ ਪੇਸ਼ ਕਰਦੀ ਹੈ। ਇਸਦੇ ਇਲਾਵਾ ਮਿਸ਼ਨ ਦੇ ਇਸ ਵਿਸ਼ਾਲ ਸਵਰੂਪ ਵਿੱਚ ਸੰਤਾਂ-ਭਗਤਾਂ-ਗੁਰਸਿੱਖਾਂ ਦੇ ਮਹਾਨ ਤਪ-ਤਿਆਗ ਅਤੇ ਸ਼ਰਧਾ ਭਗਤੀ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ ਹੈ।

ਮਿਸ਼ਨ ਦੇ ਇਸ ਨਿਰੰਤਰ ਵਿਕਾਸ ਵਿੱਚ ਬਾਬਾ ਗੁਰਬਚਨ ਸਿੰਘ ਜੀ ਵੱਲੋਂ ਦਿੱਤੇ ਗਏ ਸ਼ਾਨਦਾਰ ਯੋਗਦਾਨਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ- ਅਦਿਵਤਯ, ਵਿਵਹਾਰਿਕ ਅਤੇ ਸਥਾਈ। ਉਨ੍ਹਾਂ ਨੇ ਮਿਸ਼ਨ ਨੂੰ ਇਕ ਪੱਕੀ ਪ੍ਰਬੰਧ ਵਿਵਸਥਾ ਦਾ ਆਧਾਰ ਪ੍ਰਦਾਨ ਕੀਤਾ ਅਤੇ ਅਧਿਆਤਮਿਕ ਗਿਆਨ ਨੂੰ ਭਗਤਾਂ ਦੇ ਸਮਾਜਿਕ ਅਤੇ ਸੰਸਕ੍ਰਿਤਕ ਜੀਵਨ ਵਿਚ ਉਤਾਰਨ ਲਈ ਅਜਿਹੇ ਕਦਮ ਉਠਾਏ, ਸੁਧਾਰ ਕੀਤੇ ਜੋ ਅੱਜ ਵੀ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਦਾ ਸਬੂਤ ਪੇਸ਼ ਕਰ ਰਹੇ ਹਨ ਅਤੇ ਸਾਡਾ ਮਾਰਗ-ਦਰਸ਼ਨ ਕਰ ਰਹੇ ਹਨ।

ਬਾਬਾ ਗੁਰਬਚਨ ਸਿੰਘ ਜੀ ਨੇ ਮਿਸ਼ਨ ਦੇ ਅਧਿਆਤਮਿਕ ਦਰਸ਼ਨ ਨੂੰ ਜਿਸ ਰੂਪ ਵਿੱਚ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਤੋਂ ਹਾਸਿਲ ਕੀਤਾ, ਉਹ ਹਰ ਪ੍ਰਕਾਰ ਨਾਲ ਪੂਰਨ ਸੀ। ਇਸ ਲਈ ਉਨ੍ਹਾਂ ਨੇ ਉਸ ਵਿੱਚ ਕਿਸੇ ਪ੍ਰਕਾਰ ਦੀ ਸੋਧ ਦਾ ਯਤਨ ਨਹੀਂ ਕੀਤਾ, ਨਾ ਕੁਝ ਉਸ ਵਿੱਚ ਜੋੜਿਆ ਅਤੇ ਨਾ ਹੀ ਉਸ ਵਿੱਚੋਂ ਕੁਝ ਘੱਟ ਕੀਤਾ। ਸਗੋਂ ਉਸੇ ਰੂਪ ਵਿੱਚ ਅੱਗੇ ਵਧਾਇਆ। ਉਨ੍ਹਾਂ ਨੇ 17-18 ਜੁਲਾਈ, 1965 ਨੂੰ ਪਹਿਲੀ ਮੰਸੂਰੀ ਕਾਨਫਰੰਸ ਵਿੱਚ ਇਸ ਦੀ ਪੁਸ਼ਟੀ ਕੀਤੀ ਅਤੇ ਉਸੇ ਰੂਪ ਵਿੱਚ ਇਸ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਕੁਝ ਇਤਿਹਾਸਕ ਫੈਸਲੇ ਲਏ। ਦੇਸ਼ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਗਿਆ ਅਤੇ ਪੇਂਡੂ ਇਲਾਕਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਫੈਸਲਾ ਲਿਆ ਗਿਆ। ਉਹ ਮਿਸ਼ਨ ਦੀ

ਪ੍ਰਬੰਧ ਵਿਵਸਥਾ ਦੇ ਵਿਕੇਂਦਰੀਕਰਣ ਦੀ ਦਿਸ਼ਾ ਵਿੱਚ ਇਕ ਮਹੱਤਵਪੂਰਨ ਕਦਮ ਸੀ। ਇਸਦੇ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜਿਨ੍ਹਾਂ ਬ੍ਰਾਂਚਾਂ ਵਿੱਚ ਸੰਤਾਂ-ਭਗਤਾਂ ਦੀ ਗਿਣਤੀ ਵੱਧ ਰਹੀ ਹੈ, ਉਥੇ ਮਿਸ਼ਨ ਵੱਲੋਂ ਇਕ ਯੋਜਨਾਬੱਧ ਪ੍ਰੋਗਰਾਮ ਦੇ ਅਧੀਨ ਸਤਿਸੰਗ ਭਵਨਾਂ ਦਾ ਨਿਰਮਾਣ ਕੀਤਾ ਜਾਵੇ।

ਜਦੋਂ 17 ਸਤੰਬਰ 1969 ਨੂੰ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਨੇ ਆਪਣੇ ਨਸ਼ਵਰ ਸਰੀਰ ਦਾ ਤਿਆਗ ਕੀਤਾ ਤਾਂ ਸਾਧ ਸੰਗਤ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਚੰਦਨ ਦੀ ਲਕੜੀ ਦੇ ਨਾਲ ਕਰਨਾ ਚਾਹਿਆ। ਭਗਤ ਆਪਣੇ ਸਤਿਗੁਰੂ ਦੇ ਪ੍ਰਤੀ ਸਨਮਾਨ ਅਤੇ ਮਿਸ਼ਨ ਵਿੱਚ ਉਨ੍ਹਾਂ ਦੇ ਮਹਾਨ ਯੋਗਦਾਨ ਲਈ ਆਪਣੀ ਕ੍ਰਿਤੱਗਿਅਤਾ ਦੇ ਭਾਵ ਪ੍ਰਗਟ ਕਰਨਾ ਚਾਹੁੰਦੇ ਸਨ, ਪ੍ਰੰਤੂ ਬਾਬਾ ਗੁਰਬਚਨ ਸਿੰਘ ਜੀ ਨੇ ਸ਼ਹਿਨਸ਼ਾਹ ਜੀ ਦਾ ਅੰਤਿਮ ਸੰਸਕਾਰ ਸਾਧਾਰਣ ਰੀਤੀ ਨਾਲ ਨਿਗਮਬੋਧ ਘਾਟ ਦੇ ਬਿਜਲੀ ਵਾਲੇ ਸ਼ਮਸ਼ਾਨਘਾਟ ਵਿੱਚ ਹੀ ਕਰਨ ਦਾ ਫੈਸਲਾ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਮ੍ਰਿਤਕ ਸਰੀਰ ਚਾਹੇ ਮਹਾਨ ਗੁਰੂ ਦਾ ਹੋਵੇ ਭਾਵੇਂ ਕਿਸੇ ਸਾਧਾਰਣ ਵਿਅਕਤੀ ਦਾ, ਹੈ ਤਾਂ ਉਹ ਮ੍ਰਿਤਕ ਸਰੀਰ ਹੀ। ਉਸ ਦੇ ਬਾਅਦ ਤਾਂ ਇਹ ਪ੍ਰੰਪਰਾ ਹੀ ਬਣ ਗਈ ਅਤੇ ਅਪ੍ਰੈਲ 1980 ਵਿੱਚ ਉਨ੍ਹਾਂ ਦਾ ਆਪਣਾ ਅਤੇ ਮਈ 2016 ਵਿੱਚ ਬਾਬਾ ਹਰਦੇਵ ਜੀ ਦਾ ਅੰਤਿਮ ਸੰਸਕਾਰ ਵੀ ਉਥੇ ਕੀਤਾ ਗਿਆ। ਇਸ ਦੇ ਇਲਾਵਾ ਬਾਬਾ ਗੁਰਬਚਨ ਸਿੰਘ ਜੀ ਨੇ ਮਿਸ਼ਨ ਦੇ ਭਗਤਾਂ ਦੇ ਪ੍ਰਤੀਦਿਨ ਦੇ ਜੀਵਨ ਨੂੰ ਆਪਣੀ ਰੋਜਮਰਾ ਦੇ ਨੇੜੇ ਲਿਆਉਣ ਲਈ ਕੁਝ ਵਿਸ਼ੇਸ਼ ਕਦਮ ਚੁੱਕੇ, ਲੇਕਿਨ ਉਨ੍ਹਾਂ ਨੇ ਦੋ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ। ਇੱਕ ਤਾਂ ਉਨ੍ਹਾਂ ਨੇ ਬਾਬਾ ਬੂਟਾ ਸਿੰਘ ਜੀ ਦਾ ਅਤੇ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਦੇ ਸਮੇਂ ਵਿੱਚ ਅਪਨਾਏ ਗਏ ਮਿਸ਼ਨ ਦੇ ਕਿਸੇ ਵੀ ਸਿਧਾਂਤ ਨੂੰ ਬਦਲਣ ਦਾ ਯਤਨ ਨਹੀਂ ਕੀਤਾ ਅਤੇ ਦੂਸਰੇ ਜੋ ਵੀ ਨਵੇਂ ਕਦਮ ਚੁੱਕੇ ਉਨ੍ਹਾਂ ਨੂੰ ਮਿਸ਼ਨ ਦੇ ਆਪਣੇ ਸ਼ਰਧਾਲੂਆਂ ਦੇ ਸਮਾਜਿਕ ਅਤੇ ਪ੍ਰੰਪਰਾਗਤ ਜੀਵਨ ਤਕ ਸੀਮਿਤ ਰੱਖਿਆ। ਸੰਸਾਰ ਵਿੱਚ ਕਿਸੇ ਵੀ ਵਰਗ ਦੇ ਨਾਲ ਕਿਸੇ ਪ੍ਰਕਾਰ ਦੇ ਮਤਭੇਦ ਜਾਂ ਟਕਰਾਅ ਦੀ ਕੋਈ ਵੀ ਗੁੰਜਾਇਸ਼ ਹੀ ਨਹੀਂ ਛੱਡੀ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਮਿਸ਼ਨ ਦੇ ਬਾਹਰ ਦੇ ਕਿਸੇ ਵਿਅਕਤੀ ਜਾਂ ਸਮੂਹ ਨੂੰ ਸਾਡੇ ਸਿਧਾਂਤ ਪਸੰਦ ਆ ਜਾਂਦੇ ਹਨ ਅਤੇ ਉਹ ਉਨ੍ਹਾਂ ਨੂੰ ਅਪਨਾਉਣਾ ਚਾਹੁਣ ਤਾਂ ਮਿਸ਼ਨ ਉਨ੍ਹਾਂ ਦਾ ਸਵਾਗਤ ਕਰੇ ਗਾ। ਬਾਬਾ ਜੀ ਨੇ ਆਪਣੀ ਕਾਰਜਨੀਤੀ ਪੇਸ਼ ਕਰਨ ਅਤੇ ਉਸ ਦੇ ਲਈ ਸਮਰਥਣ ਪ੍ਰਾਪਤ ਕਰਨ ਲਈ ਮਈ 1973 ਵਿਚ ਮੰਸੂਰੀ ਦੀ ਦੂਸਰੀ ਕਾਨਫਰੰਸ ਬੁਲਾਈ, ਜਿਸ ਵਿੱਚ ਸੰਤ ਨਿਰੰਕਾਰੀ ਮੰਡਲ ਦੀ ਕਾਰਜਕਾਰਣੀ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਦੇਸ਼ ਭਰ ਵਿੱਚ ਮਿਸ਼ਨ ਦੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਨੇ ਹਿੱਸਾ ਲਿਆ। ਬਾਬਾ ਜੀ ਨੇ ਕਿਹਾ ਕਿ ਮਿਸ਼ਨ ਦੇ ਸਾਰੇ ਸੰਤਾਂ-ਭਗਤਾਂ ਨੇ ਵਿਸ਼ੇਸ਼ ਕਰਕੇ ਜੋ ਸਤਿਸੰਗ ਪ੍ਰੋਗਰਾਮਾਂ ਦੀ ਅਗਵਾਈ ਕਰਦੇ ਹਨ ਅਤੇ ਬ੍ਰਹਮਗਿਆਨ ਪ੍ਰਦਾਨ ਕਰਦੇ ਹਨ, ਸਾਰਿਆਂ ਨੇ ਹਰ ਪ੍ਰਕਾਰ ਦੇ ਨਸ਼ੀਲੇ ਪਦਾਰਥਾਂ ਦੇ ਸੇਵਨ ਤੋਂ ਦੂਰ ਰਹਿਣਾ ਹੈ।

ਜਦੋਂ ਬਾਬਾ ਜੀ ਨੇ ਇਸ ਆਦੇਸ਼ ਦਾ ਜ਼ਿਕਰ ਕੀਤਾ ਤਾਂ ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਮਿਸ਼ਨ ਦਾ ਮੂਲ ਸਿਧਾਂਤ (ਪ੍ਰਣ) ਜਿਸ ਦੇ ਅਨੁਸਾਰ ਬ੍ਰਹਮਗਿਆਨ ਪ੍ਰਾਪਤ ਕਰਨ ਦੇ ਬਾਅਦ ਅਸੀਂ ਕਿਸੇ ਦੇ ਖਾਣ-ਪੀਣ ਅਤੇ ਪਹਿਨਣ ਨੂੰ ਲੈ ਕੇ ਉਸ ਦੀ ਅਲੋਚਨਾ ਨਹੀਂ ਕਰਨੀ ਅਤੇ ਉਸ ਨਾਲ ਨਫ਼ਰਤ ਨਹੀਂ ਕਰਨੀ, ਉਸ ਵਿੱਚ ਕੋਈ ਸੋਧ ਨਹੀਂ ਕੀਤਾ ਜਾ ਰਿਹਾ। ਇਸ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਨੂੰ ਲੈ ਕੇ ਅਸੀਂ ਅਲੋਚਨਾ ਤੋਂ ਬਚੇ ਰਹਾਂਗੇ ਅਤੇ ਸਾਡਾ ਸਮਾਜ ਵਿੱਚ ਆਦਰ-ਸਤਿਕਾਰ ਬਣਿਆ ਰਹੇਗਾ। ਇਹ ਸਿਧਾਂਤ ਅੱਜ ਵੀ ਸਾਡਾ ਮਾਰਗ-ਦਰਸ਼ਨ ਕਰਦਾ ਹੈ, ਇਹ ਸਿਧਾਂਤ ਕਿਸੇ ਨੂੰ ਮਿਸ਼ਨ ਵਿੱਚ ਪ੍ਰਵੇਸ਼ ਕਰਨ ਤੋਂ ਨਹੀਂ ਰੋਕਦਾ ਪਰ ਬ੍ਰਹਮਗਿਆਨ ਪ੍ਰਾਪਤ ਕਰਨ ਦੇ ਬਾਅਦ ਉਸ ਨੂੰ ਇਸ ਦਾ ਪਾਲਣ ਕਰਨਾ ਹੋਵੇਗਾ।

ਬਾਬਾ ਗੁਰਬਚਨ ਸਿੰਘ ਜੀ ਦਾ ਦੂਸਰਾ ਸੁਝਾਵ ਸੀ ਕਿ ਮਿਸ਼ਨ ਦੇ ਸ਼ਰਧਾਲੂ ਵਿਆਹ ਅਤੇ ਹੋਰ ਸਮਾਜਿਕ ਕੰਮਾਂ ਦੇ ਮੌਕੇ ਤੇ ਦਿਖਾਵੇ ਅਤੇ ਫਿਜ਼ੂਲ ਖਰਚੀ ਤੋਂ ਸੰਕੋਚ ਕਰਨ। ਸਾਦਗੀ ਅਪਨਾ ਕੇ ਆਪਣੀ ਪਹਿਚਾਣ ਦੂਸਰਿਆਂ ਤੋਂ ਅਲਗ ਬਣਾਉਣ ਦਾ ਯਤਨ ਕਰਨ। ਵਿਆਹ-ਸ਼ਾਦੀ ਤੈਅ ਕਰਦੇ ਸਮੇਂ ਧਰਮ ਅਤੇ ਜਾਤੀ ਦਾ ਕੋਈ ਜ਼ਿਕਰ ਹੀ ਨਾ ਹੋਵੇ ਅਤੇ ਦਹੇਜ ਕੇਵਲ ਉਹੀ ਦੇਣ ਜੋ ਦੇਣ ਦੀ ਸਮੱਰਥਾ ਰੱਖਦੇ ਹੋਣ ਅਤੇ ਉਹ ਵੀ ਉਸਦਾ ਪ੍ਰਦਰਸ਼ਨ ਨਾ ਕਰਨ ਤਾਂਕਿ ਜੋ ਦਾਜ ਨਹੀਂ ਦੇ ਸਕਦੇ, ਉਨ੍ਹਾਂ ਲਈ ਕਿਸੇ ਪ੍ਰਕਾਰ ਦੀ ਹੀਣ-ਭਾਵਨਾ ਦਾ ਕਾਰਨ ਨਾ ਬਣੇ। ਉਦੋਂ ਤੋਂ ਲੈ ਕੇ ਅੱਜ ਤੱਕ ਇਹ ਦ੍ਰਿਸ਼ਟੀਕੋਣ ਮਿਸ਼ਨ ਦੇ ਭਗਤਾਂ ਦਾ ਮਾਰਗ-ਦਰਸ਼ਨ ਕਰ ਰਿਹਾ ਹੈ। ਅੱਜ ਵੀ ਸਮਾਜਿਕ ਕੰਮਾਂ ਵਿੱਚ ਸਾਦਗੀ ਝਲਕਦੀ ਹੈ। ਮਿਸ਼ਨ ਆਪਣੇ ਸ਼ਰਧਾਲੂਆਂ ਨੂੰ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਆਦਿ ਮਨਾਉਣ ਤੋਂ ਮਨਾ ਨਹੀਂ ਕਰਦਾ ਅਤੇ ਨਾ ਹੀ ਉਸ ਨੂੰ ਆਪਣੀ ਪ੍ਰੰਪਰਾ ਰੀਤੀ ਰਿਵਾਜ ਵਿੱਚ ਸ਼ਾਮਿਲ ਹੋਣ ਤੋਂ ਰੋਕਦਾ ਹੈ ਜੋ ਕਿ ਉਨ੍ਹਾਂ ਨੂੰ ਬ੍ਰਹਮਗਿਆਨ ਪ੍ਰਾਪਤ ਕਰਨ ਜਾਂ ਮਿਸ਼ਨ ਵਿੱਚ ਪ੍ਰਵੇਸ਼ ਕਰਦੇ ਸਮੇਂ ਛੱਡਣ ਨੂੰ ਨਹੀਂ ਕਿਹਾ ਸੀ, ਕੇਵਲ ਅਤੇ ਕੇਵਲ ਸਾਦਗੀ ਦੀ ਆਸ ਹੀ ਕੀਤੀ ਜਾਂਦੀ ਹੈ। ਭਗਤ ਵੀ ਇਸਦਾ ਲਾਭ ਚੁੱਕਦੇ ਹਨ ਅਤੇ ਅਜਿਹੇ ਮੌਕੇ ਤੇ ਸਤਿਸੰਗ ਪ੍ਰੋਗਰਾਮ ਆਯੋਜਿਤ ਕਰਦੇ ਹਨ ਜਿਸ ਨਾਲ ਮਿਸ਼ਨ ਨੂੰ ਵੀ ਸੱਚ-ਗਿਆਨ ਦਾ ਸੰਦੇਸ਼ ਆਪਣੇ ਸੰਬੰਧੀਆਂ, ਦੋਸਤਾਂ ਅਤੇ ਗੁਆਂਢੀਆਂ ਤੱਕ ਪਹੁੰਚਾਉਣ ਦਾ ਮੌਕਾ ਮਿਲ ਜਾਂਦਾ ਹੈ।

ਸੰਤ ਨਿਰੰਕਾਰੀ ਮਿਸ਼ਨ ਨੂੰ ਭਾਰਤ ਦੀਆਂ ਸੀਮਾਵਾਂ ਤੋਂ ਬਾਹਰ ਲੈ ਜਾਣ ਦਾ ਸਿਹਰਾ ਵੀ ਬਾਬਾ ਗੁਰਬਚਨ ਸਿੰਘ

ਬ੍ਰਹਮਗਿਆਨ ਪ੍ਰਾਪਤ ਕਰਨ ਦੇ ਬਾਅਦ ਅਸੀਂ ਕਿਸੇ ਦੇ ਖਾਣ-ਪੀਣ ਅਤੇ ਪਹਿਨਣ ਨੂੰ ਲੈ ਕੇ ਉਸ ਦੀ ਅਲੋਚਨਾ ਨਹੀਂ ਕਰਨੀ ਅਤੇ ਉਸ ਨਾਲ ਨਫ਼ਰਤ ਨਹੀਂ ਕਰਨੀ। ਇਸ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਨੂੰ ਲੈ ਕੇ ਜੇ ਅਸੀਂ ਅਲੋਚਨਾ ਤੋਂ ਬਚੇ ਰਹਾਂਗੇ ਤਾਂ ਸਾਡਾ ਸਮਾਜ ਵਿੱਚ ਆਦਰ-ਸਤਿਕਾਰ ਬਣਿਆ ਰਹੇਗਾ। ਇਹ ਸਿਧਾਂਤ ਕਿਸੇ ਨੂੰ ਮਿਸ਼ਨ ਵਿੱਚ ਪ੍ਰਵੇਸ਼ ਕਰਨ ਤੋਂ ਨਹੀਂ ਰੋਕਦਾ ਪਰ ਬ੍ਰਹਮਗਿਆਨ ਪ੍ਰਾਪਤ ਕਰਨ ਦੇ ਬਾਅਦ ਉਸ ਨੂੰ ਇਸ ਦਾ ਪਾਲਣ ਕਰਨਾ ਹੋਵੇਗਾ।

ਜੀ ਦੇ ਸਿਰ ਬੱਝਦਾ ਹੈ। ਇਹ ਉਨ੍ਹਾਂ ਦੀ ਹੀ ਦੂਰ-ਦਰਸ਼ਤਾ ਸੀ ਕਿ ਇਹ ਮਿਸ਼ਨ ਇਕ ਵਿਸ਼ਵ-ਵਿਆਪੀ ਅਧਿਆਤਮਿਕ ਵਿਚਾਰਧਾਰਾ ਬਣੇ ਜਿਸ ਦੇ ਤਹਿਤ ਉਨ੍ਹਾਂ ਨੇ 1967 ਵਿੱਚ ਇੰਗਲੈਂਡ ਵਿੱਚ ਮਿਸ਼ਨ ਦੀ ਨੀਂਹ ਰੱਖੀ। ਬਾਬਾ ਜੀ ਨੇ ਜੋ ਨੀਤੀ ਅਪਨਾਈ, ਉਸ ਦੇ ਅਨੁਸਾਰ ਪਹਿਲਾਂ ਜੋ ਭਾਰਤੀ ਅਤੇ ਏਸ਼ੀਆ ਦੇ ਹੋਰ ਦੇਸ਼ਾਂ ਦੇ ਲੋਕ ਬਾਹਰ ਰਹਿੰਦੇ ਸਨ, ਉਨ੍ਹਾਂ ਨੂੰ ਮਿਸ਼ਨ ਤੋਂ ਜਾਣੂ ਕਰਵਾਇਆ ਅਤੇ ਜੋੜਨਾ ਚਾਹਿਆ ਅਤੇ ਫਿਰ ਹੌਲੀ-ਹੌਲੀ ਉਨ੍ਹਾਂ ਦੇਸ਼ਾਂ ਦੇ ਮੂਲ ਨਾਗਰਿਕਾਂ ਤੱਕ ਪਹੁੰਚਾਉਣ ਦਾ ਯਤਨ ਕਰਨਗੇ। ਇਸ ਪ੍ਰਕਾਰ ਬਾਬਾ ਗੁਰਬਚਨ ਸਿੰਘ ਜੀ ਦੇ ਸਮੇਂ ਵਿੱਚ ਭਾਰਤ ਦੇ ਬਾਹਰ ਇਹ ਮਿਸ਼ਨ 17 ਦੇਸ਼ਾਂ ਵਿੱਚ ਪਹੁੰਚਿਆਂ ਅਤੇ ਅੱਜ 60 ਦੇਸ਼ਾਂ ਵਿੱਚ ਇਸ ਦੀਆਂ ਬ੍ਰਾਂਚਾਂ ਸਥਾਪਿਤ ਹੋ ਚੁੱਕੀਆਂ ਹਨ ਜੋ ਮਿਸ਼ਨ ਨੂੰ ਅੱਗੇ ਤੋਂ ਅੱਗੇ ਵਧਾਉਣ ਵਿੱਚ ਯੋਗਦਾਨ ਦੇ ਰਹੀਆਂ ਹਨ।

ਸਮਾਜ ਕਲਿਆਣ ਦੇ ਖੇਤਰ ਵਿੱਚ ਵੀ ਬਾਬਾ ਗੁਰਬਚਨ ਸਿੰਘ ਜੀ ਨੇ ਜੋ ਮਾਰਗ ਦੱਸਿਆ, ਅੱਜ ਵੀ ਉਸਨੂੰ ਮਿਸ਼ਨ ਨੇ ਅਪਨਾਇਆ ਹੋਇਆ ਹੈ। ਮਿਸ਼ਨ ਵੱਲੋਂ ਇਕ ਸਕੂਲ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਦੇ ਸਮੇਂ ਸਥਾਪਿਤ ਹੋ ਗਿਆ ਸੀ, ਲੇਕਿਨ ਇਸ ਨੂੰ ਇਕ ਯੋਜਨਾਬੱਧ ਮੁਹਿੰਮ ਦਾ ਰੂਪ ਬਾਬਾ ਗੁਰਬਚਨ ਸਿੰਘ ਜੀ ਦੇ ਮਾਰਗ-ਦਰਸ਼ਨ ਵਿੱਚ ਹੀ ਪ੍ਰਾਪਤ ਹੋਇਆ। ਇਸ ਲਈ 1972 ਵਿੱਚ ਦਿੱਲੀ ਵਿੱਚ ਮਿਸ਼ਨ ਦਾ ਰਜਤ ਜੈਯੰਤੀ ਸਮਾਗਮ ਇਕ ਇਤਿਹਾਸਕ ਮੌਕਾ ਸਿੱਧ ਹੋਇਆ। ਇਸ ਸਮਾਗਮ ਵਿੱਚ ਸਾਧਸੰਗਤ ਨੇ ਬਾਬਾ ਗੁਰਬਚਨ ਸਿੰਘ ਜੀ ਅਤੇ ਨਿਰੰਕਾਰੀ ਰਾਜਮਾਤਾ ਕੁਲਵੰਤ ਕੌਰ ਜੀ ਨੂੰ ਨੋਟਾਂ ਨਾਲ ਤੋਲਿਆ। ਬਾਬਾ ਜੀ ਨੇ ਉਸੇ ਸਮੇਂ ਕਿਹਾ ਕਿ ਇਹ ਰਾਸ਼ੀ ਮਿਸ਼ਨ ਦੀ ਉਨੱਤੀ ਅਤੇ ਸਮਾਜ ਕਲਿਆਣ ਦੇ ਕੰਮਾਂ ਵਿੱਚ ਵੀ ਖਰਚ ਕੀਤੀ ਜਾਵੇਗੀ।

ਉਦੋਂ ਤੋਂ ਮਿਸ਼ਨ ਦੇ ਸਮਾਜ ਕਲਿਆਣ ਦੇ ਕੰਮਾਂ ਵਿੱਚ ਯੋਗਦਾਨ ਦਾ ਕਈ ਬ੍ਰਾਂਚਾਂ ਵਿੱਚ ਵਿਸਥਾਰ ਹੁੰਦਾ ਆ ਰਿਹਾ ਹੈ। ਅੱਜ ਮਿਸ਼ਨ ਇਕ ਕਾਲਜ ਅਤੇ ਕਈ ਸਕੂਲ ਚਲਾ ਰਿਹਾ ਹੈ। ਇਸ ਦੇ ਇਲਾਵਾ ਦੇਸ਼ ਭਰ ਵਿੱਚ ਕਈ ਹਸਪਤਾਲ ਅਤੇ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ।

ਅੱਜ ਮਿਸ਼ਨ ਦਾ ਇਕ ਬਲੱਡ ਬੈਂਕ ਵੀ ਹੈ। ਕਈ ਥਾਂਵਾਂ ਤੇ ਸਿਲਾਈ-ਕਢਾਈ ਸਿਖਿਆ ਕੇਂਦਰ ਹਨ। ਖ਼ੂਨਦਾਨ ਕੈਂਪ, ਰੁੱਖ ਲਗਾਓ ਅਤੇ ਸਫ਼ਾਈ ਮੁਹਿੰਮ ਸਮਾਜ ਸੇਵਾ ਦੇ ਇਲਾਵਾ ਮਿਸ਼ਨ ਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਵਿੱਚ ਵੀ ਸਹਾਇਕ ਸਿੱਧ ਹੋ ਰਹੇ ਹਨ ਅਤੇ ਮਿਸ਼ਨ ਦੀ ਸੱਚ ਦੀ ਆਵਾਜ਼ ਸਮਾਜ ਦੇ ਪ੍ਰਤੀਸ਼ਿਠਤ ਵਰਗਾਂ ਤੱਕ ਵੀ ਪਹੁੰਚਾ ਰਹੇ ਹਨ। ਅਪ੍ਰੈਲ 2010 ਤੋਂ ਸਮਾਜ ਕਲਿਆਣ ਦੀਆਂ ਗਤੀਵਿਧੀਆਂ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੀ ਅਗਵਾਈ ਵਿੱਚ ਚਲਾਈਆਂ ਜਾ ਰਹੀਆਂ ਹਨ।

ਨੌਜਵਾਨਾਂ ਦੇ ਪ੍ਰਤੀ ਮਿਸ਼ਨ ਦੀ ਨੀਤੀ ਦੀ ਨੀਂਹ ਵੀ ਬਾਬਾ ਗੁਰਬਚਨ ਸਿੰਘ ਜੀ ਦੇ ਸਮੇਂ ਵਿੱਚ ਹੀ ਰੱਖੀ ਗਈ। ਇੰਗਲੈਂਡ ਵਿੱਚ ਮਿਸ਼ਨ ਦੇ ਕਈ ਮਹਾਂਪੁਰਸ਼ਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਸੁਣਦੇ ਹੀ ਨਹੀਂ। ਇੰਗਲੈਂਡ ਵਿੱਚ ਹੀ ਉਨ੍ਹਾਂ ਦਾ ਜਨਮ ਹੋਇਆ, ਪੜਾਈ-ਲਿਖਾਈ ਹੋਈ ਅਤੇ ਹੁਣ ਉਹ ਨਾ ਭਾਰਤੀ ਭਾਸ਼ਾਵਾਂ ਵਿੱਚ ਅਤੇ ਨਾ ਹੀ ਸੰਸਕ੍ਰਿਤੀ ਅਤੇ ਪ੍ਰੰਪਰਾਵਾਂ ਵਿੱਚ ਕੋਈ ਰੁਚੀ ਰੱਖਦੇ ਹਨ। ਉਹ ਇੰਗਲੈਂਡ ਦੀ ਸੰਸਕ੍ਰਿਤੀ ਦੇ ਪ੍ਰਭਾਵ ਵਿੱਚ ਭਟਕੀ ਜਾ ਰਹੇ ਹਨ। ਬਾਬਾ ਜੀ ਨੇ ਕਿਹਾ ਕਿ ਜੇਕਰ ਉਹ ਤੁਹਾਡੀ ਨਹੀਂ ਸੁਣਦੇ ਤਾਂ ਤੁਸੀਂ ਉਨ੍ਹਾਂ ਦੀ ਸੁਣਨਾ ਸ਼ੁਰੂ ਕਰ ਦਿਓ। ਸੁਭਾਵਿਕ ਸੀ ਕਿ ਨੌਜਵਾਨਾਂ ਨੂੰ ਇਹ ਗੱਲ ਚੰਗੀ ਲੱਗੀ ਅਤੇ ਉਨ੍ਹਾਂ ਨੇ ਸਤਿਸੰਗ ਵਿੱਚ ਆਉਣਾ ਅਤੇ ਵਿਚਾਰ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਅੱਜ ਇਸ ਮਿਸ਼ਨ ਦੇ ਸਿਖਿਅਕ ਨੌਜਵਾਨਾਂ ਨੂੰ ਦੂਰ-ਦੇਸ਼ਾਂ ਵਿੱਚ ਹੀ ਨਹੀਂ ਬਲਕਿ ਭਾਰਤ ਵਿੱਚ ਵੀ ਸਭ ਤੋਂ ਅੱਗੇ ਦੇਖ ਰਹੇ ਹਾਂ।

ਆਖਰ ਅੱਜ ਜਦੋਂ ਅਸੀਂ ਮਿਸ਼ਨ ਦੇ ਇਸ ਵਿਸ਼ਾਲ ਰੂਪ ਨੂੰ ਦੇਖਦੇ ਹਾਂ ਤਾਂ ਬਾਬਾ ਗੁਰਬਚਨ ਸਿੰਘ ਜੀ ਨੇ ਇਸ ਦੇ ਵੱਖ-ਵੱਖ ਪਹਿਲੂਆਂ ਵਿੱਚ ਜੋ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਉਸ ਦੀ ਸ਼ਲਘਾ ਕੀਤੇ ਬਿਨਾਂ ਨਹੀਂ ਰਹਿ ਸਕਦੇ। ਉਨ੍ਹਾਂ ਅਜਿਹੀਆਂ ਪ੍ਰੰਪਰਾਵਾਂ ਦਾ ਨਿਰਮਾਣ ਕੀਤਾ ਜੋ ਅੱਜ ਵੀ ਮਿਸ਼ਨ ਦੀ ਅਧਿਆਤਮਿਕ ਵਿਚਾਰਧਾਰਾ ਨੂੰ ਅੱਗੇ ਤੋਂ ਅੱਗੇ ਲੈ ਜਾਣ ਅਤੇ ਸਮਾਜ ਸੇਵਾ ਲਈ ਇਕ ਸਾਂਝਾ ਮੰਚ ਪ੍ਰਦਾਨ ਕਰਨ ਲਈ ਮਹੱਤਵਪੂਰਣ ਬਣੀਆਂ ਹੋਈਆਂ ਹੈ। ਅਸੀਂ ਆਸਾਨੀ ਨਾਲ ਕਹਿ ਸਕਦੇ ਹਾਂ ਕਿ ਇਹ ਬਾਬਾ ਗੁਰਬਚਨ ਸਿੰਘ ਜੀ ਦੀ ਪਰਿਕਲਪਨਾ ਦਾ ਹੀ ਮਿਸ਼ਨ ਹੈ ਜਿਸ ਨੂੰ ਬਾਬਾ ਹਰਦੇਵ ਸਿੰਘ ਜੀ ਨੇ ਅੱਗੇ ਵਧਾਇਆ ਅਤੇ ਜਿਸ ਨੂੰ ਅੱਜ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਸ਼ਿਖਰਾਂ ਤੱਕ ਲੈ ਕੇ ਜਾਣਾ ਚਾਹੁੰਦੇ ਹਨ।

ਰੱਬੀ ਏਕਤਾ ਹੀ ਮਾਨਵ ਏਕਤਾ

ਏਕਤਵ ਦਾ ਭਾਵ ਤਦ ਤੱਕ ਪੈਦਾ ਨਹੀਂ ਹੋ ਸਕਦਾ ਜਦ ਤਕ ਅਸੀਂ ਇਕ ਪਰਮ ਸ਼ਕਤੀ ਜੋ ਸਭ ਦੇ ਵਿੱਚ ਬਿਰਾਜਮਾਨ ਹੈ, ਉਸ ਦੀ ਜਾਣਕਾਰੀ ਸਤਿਗੁਰੂ ਨੂੰ ਮਿਲ ਕੇ ਪ੍ਰਾਪਤ ਨਹੀਂ ਕਰਦੇ। ਉਹ ਸਰਬਉਚੱ ਸ਼ਕਤੀ ਹੈ ਪ੍ਰਮਾਤਮਾ। ਜਦ ਇਨਸਾਨ ਨੂੰ ਇਹ ਗੱਲ ਸਮਝ ਆ ਜਾਵੇ ਕਿ ਸਭ ਵਿੱਚ ਇਕ ਹੀ ਨੂਰ ਹੈ, ਕੋਈ ਬੇਗਾਨਾ ਨਹੀਂ, ਕੋਈ ਪਰਾਇਆ ਨਹੀਂ ਤਾਂ ਹੀ ਮਾਨਵ ਏਕਤਾ ਸੰਭਵ ਹੈ।

❒ ਕੁਲਵੰਤ ਪ੍ਰੀਤ ਟੰਡਨ (ਇਟਲੀ)

24 ਅਪ੍ਰੈਲ ਦਾ ਦਿਨ ਨਿਰੰਕਾਰੀ ਮਿਸ਼ਨ ਵਿੱਚ ਮਾਨਵ ਏਕਤਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਸੰਨ 1980 ਨੂੰ ਮਾਨਵਤਾ ਦੇ ਮਸੀਹਾ ਬਾਬਾ ਗੁਰਬਚਨ ਸਿੰਘ ਜੀ ਤੇ ਗੁਰਸਿੱਖ ਸੇਵਾਦਾਰ ਚਾਚਾ ਪ੍ਰਤਾਪ ਸਿੰਘ ਜੀ ਨੇ ਮਨਾਵਤਾ ਦੇ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਸੀ। ਇਸ ਦਿਨ ਉਹਨਾਂ ਸਾਰੇ ਬਲੀਦਾਨੀ ਮਹਾਤਮਾਵਾਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸੱਚ ਦੀ ਆਵਾਜ਼ ਦਿੰਦਿਆਂ ਹੋਏ ਇਸ ਲਈ ਸ਼ਹੀਦ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਇਨਸਾਨਾਂ ਨੂੰ ਪ੍ਰਭੂ ਪ੍ਰਮਾਤਮਾ ਨਾਲ ਮਿਲਾ ਕੇ ਮਾਨਵੀ ਗੁਣਾਂ ਨਾਲ ਭਰਪੂਰ ਜੀਵਨ ਜਿਉਣ ਦਾ ਢੰਗ ਦੱਸ ਰਹੇ ਸਨ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕਿਸੇ ਪੀਰ-ਪੈਗੰਬਰ ਨੇ ਸੱਚ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾ ਕੇ ਸੱਚ ਦੀ ਰਾਹ ਵਿਖਾਈ ਤਾਂ ਅਗਿਆਨੀ ਲੋਕਾਂ ਨੇ ਉਹਨਾਂ ਦਾ ਵਿਰੋਧ ਕੀਤਾ ਤੇ ਸੰਤਾਂ-ਮਹਾਂਪੁਰਸ਼ਾਂ ਨੂੰ ਦੇਗਾਂ ਵਿੱਚ ਉਬਾਲ ਦਿੱਤਾ, ਤੱਤੀਆਂ ਤਵੀਆਂ ਤੇ ਬਿਠਾ ਦਿੱਤਾ, ਸੂਲੀ ਤੇ ਚੜ੍ਹਾ ਦਿੱਤਾ, ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਪਰ ਸੰਤ ਮਹਾਂਪੁਰਸ਼ ਮਾਨਵਤਾ ਨੂੰ ਜ਼ਿੰਦਾ ਰੱਖਣ ਲਈ ਹਮੇਸ਼ਾਂ ਉਪਰਾਲਾ ਕਰਦੇ ਰਹੇ ਤਾਂਕਿ ਮਾਨਵ ਵਿੱਚ ਮਾਨਵੀ ਗੁਣ ਪਿਆਰ, ਸ਼ਹਿਨਸ਼ੀਲਤਾ, ਭਾਈਚਾਰੇ ਦਾ ਵਾਸ ਹੋਵੇ ਤੇ ਮਾਨਵ ਮਾਨਵ ਦੇ ਨੇੜੇ ਹੋ ਕੇ ਆਪਣਾ ਜੀਵਨ ਰਲ-ਮਿਲ ਕੇ ਬਤੀਤ ਕਰੇ।

ਸੰਸਾਰ ਵਿੱਚ ਮਾਨਵ ਏਕਤਾ ਲਈ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ, ਇਸਦੇ ਬਾਵਜੂਦ ਕਈ ਪ੍ਰੋਗਰਾਮ ਉਲੀਕੇ ਜਾਂਦੇ ਹਨ ਪਰ ਜਦ ਅਸੀਂ ਸੰਸਾਰ ਵਿੱਚ ਇਨਸਾਨ ਦੀ ਹਾਲਤ ਦੇਖਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਅੱਜ ਇਨਸਾਨ ਹੰਕਾਰ, ਨਫ਼ਰਤ, ਵੈਰ, ਈਰਖਾ ਦੀ ਅੱਗ ਵਿੱਚ ਪੈ ਕੇ ਆਪਣੇ ਪ੍ਰੀਵਾਰਕ ਰਿਸ਼ਤ-ਨਾਤੇ ਹੀ ਨਿਭਾਉਣਾ ਭੁੱਲ ਰਿਹਾ ਹੈ। ਅਖ਼ਬਾਰਾਂ ਦੀਆਂ ਸੁਰਖੀਆਂ ਪੜ ਕੇ ਕਈ ਵਾਰ ਕਹਿ ਦਿੱਤਾ ਜਾਂਦਾ ਹੈ ਕਿ ਇਨਸਾਨ ਨਾਲੋਂ ਤਾਂ ਜਾਨਵਰ ਹੀ ਚੰਗੇ ਹਨ। ਇਨਸਾਨ ਨੇ ਜਾਤੀ-ਪਾਤੀ ਤੇ ਧਰਮ ਦੇ ਨਾਂ ਤੇ ਅਜਿਹੀਆਂ ਕਈ ਦੀਵਾਰਾਂ ਬਣਾ ਲਈਆਂ ਹਨ ਜੋ ਇਨਸਾਨ ਨੂੰ ਇਨਸਾਨ ਤੋਂ ਜੁਦਾ ਕਰਦੀਆਂ ਹਨ। ਅਵਤਾਰ ਬਾਣੀ ਵਿੱਚ ਬਾਬਾ ਅਵਤਾਰ ਸਿੰਘ ਜੀ ਲਿਖਦੇ ਹਨ-

ਇਹ ਵੀ ਅਜਬ ਬਣੀ ਏ ਲੀਲਾ ਝਗੜੇ ਪਏ ਇਨਸਾਨਾਂ ਦੇ।
ਬੰਦੇ ਦਾ ਏ ਵੈਰੀ ਬੰਦਾ ਕੰਮ ਫੜੇ ਹੈਵਾਨਾਂ ਦੇ।
ਮਜ਼ੂਬ ਮਜ਼ੂਬ ਵਿਚ ਝਗੜੇ ਵੇਖੇ ਜੰਜੂ ਤੇ ਕ੍ਰਿਪਾਨਾਂ ਦੇ।
ਅਜਬ ਅਜਬ ਨੇ ਝਗੜੇ ਹੁੰਦੇ ਲਿਪੀਆਂ ਅਤੇ ਜ਼ਬਾਨਾਂ ਦੇ।
ਇਕੋ ਰੱਬ ਦੀ ਖ਼ਲਕਤ ਸਾਰੀ ਆਪੋ ਵਿੱਚ ਖੰਡ ਖੀਰ ਬਣੋ।
ਕਹੇ ਅਵਤਾਰ ਇਕ ਰਬ ਨੂੰ ਤਕ ਕੇ ਇਕ ਦੂਜੇ ਦੇ ਵੀਰ ਬਣੋ।
(ਸੰ.ਅ.ਬ.ਸ਼.ਨੰ.195)

ਇਹਨਾਂ ਦੀਵਾਰਾਂ ਤੋਂ ਛੁਟਕਾਰਾ ਪਾਉਣ ਲਈ ਇਕ ਹੀ ਤਰੀਕਾ ਹੈ ਕਿ ਮਨਾਂ ਵਿੱਚ ਏਕਤਵ ਦਾ ਭਾਵ ਪੈਦਾ ਹੋਵੇ। ਏਕਤਵ ਦਾ ਭਾਵ ਤਦ ਤੱਕ ਪੈਦਾ ਨਹੀਂ ਹੋ ਸਕਦਾ ਜਦ ਤਕ ਅਸੀਂ ਇਕ ਪਰਮ ਸ਼ਕਤੀ ਜੋ ਸਭ ਦੇ ਵਿੱਚ ਬਿਰਾਜਮਾਨ ਹੈ, ਉਸ ਦੀ ਜਾਣਕਾਰੀ ਸਤਿਗੁਰੂ ਨੂੰ ਮਿਲ ਕੇ ਪ੍ਰਾਪਤ ਨਹੀਂ ਕਰਦੇ। ਉਹ ਸਰਬਉਚੱ ਸ਼ਕਤੀ ਹੈ ਪ੍ਰਮਾਤਮਾ। ਜਦ ਇਨਸਾਨ ਨੂੰ ਇਹ ਗੱਲ ਸਮਝ ਆ ਜਾਵੇ ਕਿ ਸਭ ਵਿੱਚ ਇਕ ਹੀ ਨੂਰ ਹੈ, ਕੋਈ ਬੇਗਾਨਾ ਨਹੀਂ, ਕੋਈ ਪਰਾਇਆ ਨਹੀਂ ਤਾਂ ਹੀ ਮਾਨਵ ਏਕਤਾ ਸੰਭਵ ਹੈ। ਅਵਤਾਰ ਬਾਣੀ ਵਿੱਚ ਲਿਖਿਆ ਹੈ –

ਸਾਂਝੇ ਪਿਓ ਦਾ ਪਤਾ ਜੇ ਹੋਵੇ ਹੋਵੇ ਕਦੇ ਬਖੇੜਾ ਨਾ।
ਕਹੇ ਅਵਤਾਰ ਗੁਰੂ ਦੇ ਬਾਝੋਂ ਹੁੰਦਾ ਇਹ ਨਬੇੜਾ ਨਾ।

ਮਾਨਵ ਏਕਤਾ ਦਿਵਸ ਤੇ ਬਾਬਾ ਗੁਰਬਚਨ ਸਿੰਘ ਜੀ ਦੇ ਜੀਵਨ ਤੇ ਸਿਖਿਆ ਨੂੰ ਯਾਦ ਕੀਤਾ ਜਾਂਦਾ ਹੈ। ਬਾਬਾ ਜੀ ਨੇ ਜਿਥੇ ਨਿਰੰਕਾਰ ਦਾ ਗਿਆਨ ਦੇ ਕੇ ਮਾਨਵ ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਅਧਿਆਤਮਕ ਪ੍ਰੇਰਨਾ ਦਿੱਤੀ ਉਥੇ ਉਨ੍ਹਾਂ ਸਮਾਜ ਸੁਧਾਰ ਲਈ ਵੀ ਕਈ ਫ਼ੈਸਲੇ ਲਏ। ਦਹੇਜ ਤੋਂ ਬਿਨਾਂ ਸਾਦੇ ਵਿਆਹ ਸ਼ਾਦੀਆਂ ਕਰਨਾ, ਨਸ਼ਾਬੰਦੀ, ਉਚ ਸਿਖਿਆ ਲਈ ਸਕੂਲ-ਕਾਲਜਾਂ ਦਾ ਨਿਰਮਾਣ ਫ੍ਰੀ ਡਿਸਪੈਂਸਰੀ ਤੇ ਹਸਪਤਾਲਾਂ ਦਾ ਨਿਰਮਾਣ, ਨਾਰੀ ਜਾਤੀ ਦਾ ਸਨਮਾਨ ਤੇ ਮਿਸ਼ਨ ਵਿੱਚ ਪ੍ਰਚਾਰ ਲਈ ਨੌਜਵਾਨਾਂ ਨੂੰ ਅੱਗੇ ਲਿਆਉਣਾ ਉਨ੍ਹਾਂ ਦੀ ਹੀ ਦੇਨ ਹੈ। ਬਾਬਾ ਜੀ ਦੀ ਇਹ ਸਿੱਖਿਆ ਸੀ ਕਿ ਫੁੱਲਾਂ ਦੇ ਬਾਗ ਵਿੱਚ ਅਨੇਕ ਤਰ੍ਹਾਂ ਦੇ ਫੁੱਲ ਹੁੰਦੇ ਹਨ ਤੇ ਸਭ ਅਲੱਗ-ਅਲੱਗ ਹੋ ਕੇ ਵੀ ਸੁੰਦਰ ਲੱਗਦੇ ਹਨ ਤੇ ਦੇਖਣ ਵਾਲੇ ਨੂੰ ਸੁਗੰਧ ਤੇ ਖੁਸ਼ੀ ਦਿੰਦੇ ਹਨ। ਜਦ ਉਨ੍ਹਾਂ ਫੁੱਲਾਂ ਨੂੰ ਇੱਕਠਾ ਕੀਤਾ ਜਾਵੇ ਤਾਂ ਗੁਲਦਸਤਾ ਬਣ ਜਾਂਦਾ ਹੈ। ਇਸ ਤਰ੍ਹਾਂ ਸੰਸਾਰ ਵਿੱਚ ਵੀ ਅਲੱਗ ਭਾਸ਼ਾ, ਸੰਸਕ੍ਰਿਤੀ ਤੇ ਧਰਮ ਦੇ ਮਾਨਵ ਹਨ; ਸਭ ਗੁਲਦਸਤੇ ਦਾ ਰੂਪ ਬਣ ਕੇ ਜੀਵਨ ਬਤੀਤ ਕਰਨ। ਸੰਨ 1986 ਵਿੱਚ ਬਾਬਾ ਹਰਦੇਵ ਸਿੰਘ ਜੀ ਨੇ ਮਾਨਵ ਏਕਤਾ ਦਿਵਸ ਤੇ ਖ਼ੂਨਦਾਨ ਕੈਂਪਾਂ ਦੀ ਲੜੀ ਨੂੰ ਸ਼ੁਰੂ ਕੀਤਾ ਤੇ ਹਰ ਸਾਲ ਇਸ ਦਿਨ ਮਾਨਵਤਾ ਦੀ ਸੇਵਾ ਲਈ ਨਿਰੰਕਾਰੀ ਭਗਤਾਂ ਵੱਲੋਂ ਖ਼ੂਨਦਾਨ ਕਰਕੇ ''ਖ਼ੂਨ ਨਾਲੀਆਂ ਵਿੱਚ ਨਹੀਂ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ'' ਦਾ ਸੰਦੇਸ਼ ਦਿੱਤਾ ਜਾਂਦਾ ਹੈ। ਸਾਰਾ ਸਾਲ ਹੀ ਦੇਸ਼ ਤੇ ਦੂਰ ਦੇਸ਼ਾਂ ਵਿੱਚ ਮਾਨਵ ਸੇਵਾ ਲਈ ਉਪਰਾਲਾ ਕੀਤਾ ਜਾ ਰਿਹਾ ਹੈ।

ਨਿਰੰਕਾਰੀ ਮਿਸ਼ਨ 90 ਸਾਲਾਂ ਤੋਂ ਨਿਰੰਤਰ ਮਾਨਵ ਏਕਤਾ ਦਾ ਯਤਨ ਕਰ ਰਿਹਾ ਹੈ। ਵਰਤਮਾਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦਾ ਵੀ ਸੰਦੇਸ਼ ਹੈ ਕਿ ਜੋ ਮਾਨਵ ਦੇ ਰੂਪ ਵਿੱਚ ਇਹ ਸੁੰਦਰ ਸਰੀਰ ਨਿਰੰਕਾਰ ਨੇ ਬਖਸ਼ਿਆ ਹੈ, ਇਸ ਵਿੱਚ ਪਿਆਰ ਤੇ ਸਤਿਕਾਰ ਹੋਵੇ। ਹਰ ਮਾਨਵ ਭੇਦ-ਭਾਵ ਤੋਂ ਉਪਰ ਉਠ ਕੇ ਇਕ ਦੂਸਰੇ ਦਾ ਸਾਥੀ ਤੇ ਮਦਦਗਾਰ ਬਣੇ। ਇੱਕ ਪ੍ਰਭੂ ਨੂੰ ਜਾਣ ਕੇ ਹਰੇਕ ਮਾਨਵ ਏਕਤਾ ਦੇ ਸੂਤਰ ਵਿੱਚ ਬੱਝ ਕੇ ਅਕਾਲ ਪੁਰਖ ਦੀ ਬਣਾਈ ਸ੍ਰਿਸ਼ਟੀ ਵਿੱਚ ਅਨੇਕਤਾ ਪਿੱਛੇ ਲੁਕੀ ਏਕਤਾ ਦਾ ਅਨੁਭਵ ਕਰੇ ਤੇ ਮਿਸ਼ਨ ਦੇ ਨਾਅਰੇ ''ਮਾਨਵ ਕੋ ਹੋ ਮਾਨਵ ਪਿਆਰਾ, ਇਕ ਦੂਜੇ ਦਾ ਬਣੇ ਸਹਾਰਾ'' ਨੂੰ ਸਾਕਾਰ ਕਰੇ।



ਅਸ਼ੀਰਵਾਦ

– ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਵਾਇਰਸ ਦੇ ਚਲਦਿਆਂ ਸਰਕਾਰ ਨੇ ਸਿਹਤ ਸੰਬੰਧੀ ਕੁਝ ਸਾਵਧਾਨੀਆਂ ਵਰਤਣ ਨੂੰ ਕਿਹਾ ਹੈ। ਆਪ ਮਹਾਂਪੁਰਸ਼ ਚੇਤੰਨ ਹੋ ਅਤੇ ਇਕ ਵਿਸ਼ਵ ਨਾਗਰਿਕ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਤੋਂ ਜਾਣੂ ਹੋ। ਸੇਵਾ, ਸਿਮਰਨ, ਸਤਿਸੰਗ ਮਹਾਂਪੁਰਸ਼ਾਂ ਦੇ ਜੀਵਨ ਦਾ ਆਧਾਰ ਰਿਹਾ ਹੈ ਲੇਕਿਨ ਸਾਨੂੰ ਸੰਗਤਾਂ, ਟੂਰ ਪ੍ਰੋਗਰਾਮ ਅਤੇ ਸਮਾਗਮ ਰੱਦ ਕਰਨੇ ਪਏ ਹਨ। ਸਤਿਸੰਗ ਨਾ ਮਿਲ ਪਾਣ ਕਾਰਣ ਮਨ ਵਿੱਚ ਬੇਚੈਨੀ ਹੋਣਾ ਸੁਭਾਵਿਕ ਹੈ ਕਿ ਅਸੀਂ ਸਤਿਸੰਗ ਨਹੀਂ ਕਰ ਪਾ ਰਹੇ ਹਾਂ। ਸੇਵਾ, ਸਿਮਰਨ, ਸਤਿਸੰਗ ਦੇ ਪ੍ਰਤੀ ਸਭ ਦਾ ਇਹ ਜੋ ਖਿਚਾਵ ਅਤੇ ਜ਼ਜ਼ਬਾ ਹੈ ਦਾਤਾਰ ਉਸ ਨੂੰ ਕਾਇਮ ਰੱਖੇ। ਅਜਿਹੇ ਵਿੱਚ ਅਸੀਂ ਆਪਣੀ ਇਕ ਨਾਗਰਿਕ ਵਾਲੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਘਰ-ਪਰਿਵਾਰ ਵਿੱਚ ਹੀ ਸਿਮਰਨ ਕਰਕੇ ਅਤੇ ਨਿਰੰਕਾਰ ਪ੍ਰਭੂ ਦੀ ਮਹਿਮਾ ਗਾ ਕੇ ਇਸ ਨਿਰੰਕਾਰ ਨਾਲ ਜੁੜੇ ਰਹਿ ਸਕਦੇ ਹਾਂ। ਜਿਵੇਂ ਹੀ ਹਾਲਾਤ ਠੀਕ ਹੋਣਗੇ, ਅਸੀਂ ਵਿਸ਼ਾਲ ਰੂਪ ਵਿੱਚ ਸਤਿਸੰਗ ਦਾ ਆਨੰਦ ਲੈ ਸਕਾਂਗੇ।

ਸਤਿਸੰਗ ਨੂੰ ਲੈ ਕੇ ਇਹ ਜੋ ਇਕ ਖਾਲੀਪਨ ਜਿਹਾ ਮਹਿਸੂਸ ਹੋ ਰਿਹਾ ਹੈ, ਉਸ ਨੂੰ ਵੀ ਇਕ ਅਸ਼ੀਰਵਾਦ ਦੇ ਰੂਪ ਵਿਚ ਲਈਏ ਕਿ ਇਹ ਜੋ ਸਮਾਂ ਸਾਨੂੰ ਘਰਾਂ ਵਿੱਚ ਮਿਲ ਰਿਹਾ ਹੈ, ਇਸ ਦਾ ਸਦਉਪਯੋਗ ਕਰੀਏ ਅਤੇ ਸਾਡੀਆਂ ਜੋ ਕਈ ਕਿਤਾਬਾਂ ਹਨ ਸੰਪੂਰਣ ਅਵਤਾਰ ਬਾਣੀ ਅਤੇ ਸੰਪੂਰਣ ਹਰਦੇਵ ਬਾਣੀ ਜਾਂ ਹੋਰ ਵੀ ਜੋ ਮਿਸ਼ਨ ਦਾ ਸਾਹਿਤ ਹੈ ਉਸ ਨੂੰ ਪੜ੍ਹਨ ਵਿੱਚ ਆਪਣਾ ਸਮਾਂ ਲਗਾਓ। ਮਿਸ਼ਨ ਦੀ ਵੈਬਸਾਈਟ ਕਿਡਸ ਡੀਵਾਇਨ, ਨਿਊਜ਼ ਡੀਵਾਇਨ, ਵਾਇਸ ਡੀਵਾਇਨ ਦੇ ਕਈ ਰੂਪ ਹਨ ਤਾਂ ਘਰ ਬੈਠਿਆਂ ਇਸਦਾ ਲਾਭ ਲੈ ਸਕਦੇ ਹਾਂ। ਖੁਦ ਨੂੰ ਨਿਰੰਕਾਰ ਨਾਲ ਜੋੜੇ ਰੱਖੋ। ਦਾਤਾਰ ਸਾਰਿਆਂ ਤੇ ਕ੍ਰਿਪਾ ਕਰੇ ਕਿ ਸਾਰੇ ਸਿਹਤਮੰਦ ਰਹਿਣ ਅਤੇ ਪਰਿਵਾਰ ਵਾਲਿਆਂ ਦੇ ਨਾਲ ਘਰ ਵਿੱਚ ਬੈਠ ਕੇ ਇਸ ਨਿਰੰਕਾਰ ਪ੍ਰਭੂ ਨਾਲ ਅਪਣਾ ਰਿਸ਼ਤਾ ਮਜ਼ਬੂਤ ਕਰਨ। ਆਪਣੇ ਅੰਦਰ ਜੋ ਕਮੀਆਂ ਹਨ ਉਨ੍ਹਾਂ ਨੂੰ ਦੂਰ ਕਰਕੇ ਕਿਵੇਂ ਦੂਜਿਆਂ ਨੂੰ ਪਿਆਰ ਕਰ ਸਕਦੇ ਹਾਂ, ਇਸ ਵੱਲ ਮਨ ਨੂੰ ਲਗਾਓ। ਅਪਣਾ ਜ਼ਜ਼ਬਾ ਉਚੱਾ ਰੱਖੋ। ਦਾਤਾਰ ਕ੍ਰਿਪਾ ਕਰੇ ਕਿ ਜਲਦੀ ਹੀ ਇਹ ਹਾਲਾਤ ਠੀਕ ਹੋਣ ਅਤੇ ਸਾਰੇ ਨਿਯਮਿਤ ਜੀਵਨ ਜੀਦੇ ਹੋਏ ਸੇਵਾ, ਸਿਮਰਨ, ਸਤਿਸੰਗ ਦਾ ਆਧਾਰ ਲੈ ਕੇ ਅਪਣੀ ਜ਼ਿੰਮੇਵਾਰੀ ਦਾ ਨਿਰਵਾਹ ਕਰ ਸਕਣ।

ਨੂਰ-ਏ-ਇਲਾਹੀ
ਮੇਰੇ ਹਰਦੇਵ

❒ ਅਮਰ ਸਿੰਘ ਕੈਲੇ (ਜਲੰਧਰ)

ਯੁੱਗਦ੍ਰਿਸ਼ਟਾ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ 27 ਅਪ੍ਰੈਲ 1980 ਨੂੰ ਨਿਰੰਕਾਰੀ ਮਿਸ਼ਨ ਦੇ ਚੌਥੇ ਰਹਿਨੁਮਾ ਵਜੋਂ ਸਤਿਗੁਰੂ ਦੇ ਆਸਣ ਤੇ ਬਿਰਾਜਮਾਨ ਹੋਏ, ਸਤਿਗੁਰੂ ਬਾਬਾ ਗੁਰਬਚਨ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ। ਸਤਿਗੁਰੂ ਦੀ ਪਦਵੀ ਤੇ ਰਹਿ ਕੇ ਆਪ ਜੀ ਨੇ ਨਿਰੰਕਾਰੀ ਮਿਸ਼ਨ ਦੀ 36 ਵਰ੍ਹਿਆਂ ਤੱਕ ਰੂਹਾਨੀ ਸੋਚ, ਦੂਰਦ੍ਰਿਸ਼ਟੀ ਅਤੇ ਵਿਸ਼ਾਲਤਾ ਦੇ ਨਾਲ ਇਸ ਕਦਰ ਰਹਿਨੁਮਾਈ ਕੀਤੀ ਕਿ ਕੁਲ-ਲੋਕਾਈ ਵਿੱਚ ਨਿਰੰਕਾਰੀ ਮਿਸ਼ਨ ਦੀ ਵਿਚਾਰਧਾਰਾ, ਸਿਧਾਂਤ ਅਤੇ ਸਿਖਿਆ ਦਾ ਪ੍ਰਸਾਰ ਅਤੇ ਵਿਸਥਾਰ ਹੋ ਗਿਆ ਸੰਸਾਰ ਦੇ 193 ਦੇਸ਼ਾਂ ਜੋ ਅੱਜ ਦੇ ਸਮੇਂ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਦੇ ਮੈਂਬਰ ਹਨ, ਪ੍ਰਚਾਰ ਵਿੱਚ ਫੈਲ ਗਿਆ।



ਪਰ ਭਗਵਾਨ ਦੀ ਸਿਰਜਨਾ ਇਨਸਾਨਾਂ ਦੇ ਦਿਲਾਂ ਵਿੱਚ ਰੱਬੀ ਜੋਤ ਦਾ ਚਾਨਣਾ ਕਰਨ ਵਾਲੇ, ਇਨਸਾਨੀ ਗੁਣਾਂ ਨੂੰ ਪ੍ਰਫੁੱਲਿਤ ਕਰਨ ਵਾਲੇ ਅਤੇ ਪਿਆਰ, ਏਕਤਾ, ਮਿਲਵਰਤਣ ਦਾ ਸਬਕ ਪੜ੍ਹਾਉਣ ਵਾਲੇ ਅਧਿਆਤਮਿਕ ਅਤੇ ਧਰਮੀ ਰਹਿਨੁਮਾਵਾਂ ਦੀ ਸਿਖਿਆ ਮਾਨਵਤਾ ਦੇ ਦੋਖੀਆਂ ਨੂੰ ਛੇਤੀ ਕੀਤਿਆਂ ਹਜ਼ਮ ਨਹੀਂ ਹੁੰਦੀ। ਉਹ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਪੈਂਤੜੇ ਬਦਲਦੇ ਰਹਿੰਦੇ ਹਨ। ਇਹ ਉਨ੍ਹਾਂ ਦੀ ਜਮਾਂਦਰੂ ਫ਼ਿਤਰਤ ਹੈ। ਸਈਯਦ ਬੁੱਲੇਸ਼ਾਹ ਦੇ ਇਨਸਾਨ ਦੀ ਇਸ ਕੋਝੀ ਆਦਤ ਨੂੰ ਦਰਸਾਂਦੇ ਬੋਲ ਹਨ- ਯਾਰ ਯਾਰਾਂ ਨਾਲ ਦਗਾ ਕਮਾ ਜਾਂਦੇ। ਪਹਿਲਾਂ ਹੱਸ ਹੱਸ ਕੇ ਜਿਹੜੇ ਕਰਨ ਗੱਲਾਂ। ਪਿਛੋਂ ਪਿੱਠ ਤੇ ਵਾਰ ਚਲਾ ਜਾਂਦੇ। ਬੁੱਲ੍ਹੇਸ਼ਾਹ ਜੇ ਰੱਬ ਨਜ਼ਦੀਕ ਹੁੰਦਾ, ਲੋਕ ਰੱਬ ਨੂੰ ਵੇਚ ਕੇ ਖਾ ਜਾਂਦੇ। ਇਹ ਪ੍ਰਮਾਣਿਤ ਸੱਚਾਈ ਹੈ ਕਿ ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਨੂੰ ਮਾਨਵ ਭਲਾਈ ਦੀ ਖਾਤਿਰ ਨਿੰਦਿਆ ਤਾਨੇ-ਮਿਹਣੇ ਅਤੇ ਸਰੀਰਕ ਕਸ਼ਟ ਤੱਕ ਵੀ ਸਹਿਣੇ ਪਏ।

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦਾ ਸੰਸਾਰ ਉਤੇ ਆਗਮਨ ਕੇਵਲ ਮਾਨਵ ਭਲਾਈ ਅਤੇ ਪਰਉਪਕਾਰ ਲਈ ਹੀ ਹੋਇਆ ਸੀ। ਜ਼ਿੰਦਗੀ ਦੇ 62 ਵਰ੍ਹੇ ਉਹ ਇਸ ਧਰਤੀ ਤੇ ਵਿਚਰੇ ਅਤੇ ਆਪਣੇ ਅਧਿਆਤਮਿਕ ਜੀਵਨ ਦੇ 36 ਸਾਲਾਂ ਵਿੱਚ ਬਿਨਾਂ ਰੁੱਕੇ ਵਿਸ਼ਵ ਭਰ ਵਿੱਚ ਮਾਨਵਤਾ ਦੀ ਗੁਣਵੱਤਾ ਦਾ ਸੰਦੇਸ਼ ਦੇਂਦਿਆਂ ਉਨ੍ਹਾਂ ਕਿਹਾ ਕਿ ਮਨੁੱਖੀ ਕਦਰਾਂ-ਕੀਮਤਾਂ ਤੇ ਆਧਾਰਿਤ ਜੀਵਨ ਨੂੰ ਹੀ ਸੁਚੱਜਾ ਜੀਵਨ ਮੰਨਿਆ ਗਿਆ ਹੈ। ਇਸ ਪ੍ਰਥਾਏ ਉਨ੍ਹਾਂ ਦੀ ਇਹ ਹੀ ਕੋਸ਼ਿਸ਼ ਰਹੀ ਕਿ ਹਰੇਕ ਮਨੁੱਖੀ ਜੀਵਾਤਮਾ

ਆਪਣੇ ਮੂਲ ਦੀ ਪਹਿਚਾਣ ਕਰਕੇ, ਸੰਸਾਰ ਵਿੱਚ ਆਉਣ ਦਾ ਆਪਣਾ ਜੀਵਨ ਮੰਤਵ ਪ੍ਰਾਪਤ ਕਰ ਲਏ। ਆਪਣੇ ਮੂਲ ਨਾਲ ਅਭੇਦ ਹੋਣ ਵਿੱਚ ਹੀ ਜੀਵਾਤਮਾ ਦਾ ਕਲਿਆਣ ਹੈ। ਉਨ੍ਹਾਂ ਨੇ ਬੜੀ ਸਰਲਤਾ ਨਾਲ ਇਨਸਾਨੀ ਜਾਤ ਨੂੰ ਸਮਝਾਇਆ ਕਿ ਮੁਕਤੀ ਪ੍ਰਾਪਤੀ ਦਾ ਯਤਨ ਜੀਵੰਤ ਅਵਸਥਾ ਵਿੱਚ ਹੀ ਕਰ ਲੈਣਾ ਚਾਹੀਦਾ ਹੈ। ਮਰਨ ਉਪਰੰਤ ਮੁਕਤੀ ਦੀ ਆਸ ਰੱਖਣੀ ਫਿਜ਼ੂਲ ਹੈ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਹਮੇਸ਼ਾ ਇਹ ਹੀ ਪ੍ਰੇਰਨਾ ਦਿੱਤੀ ਕਿ ਜੀਵਨ ਨੂੰ ਸਹਿਜ ਤੇ ਸੁੰਦਰ ਬਣਾਉਣ ਲਈ ਨਿਰੰਕਾਰ ਪ੍ਰਭੂ ਦਾ ਮਨ ਵਿੱਚ ਅੰਗ-ਸੰਗ ਹੋਣ ਦਾ ਅਹਿਸਾਸ ਰੱਖ ਕੇ ਸਿਮਰਨ, ਸੇਵਾ ਅਤੇ ਸਤਿਸੰਗ ਦੇ ਧਰਮ ਕਾਰਜ ਕਰਨੇ ਜ਼ਰੂਰੀ ਹਨ ਅਤੇ ਬ੍ਰਹਮਗਿਆਨ ਨੂੰ ਆਪਣੇ ਜੀਵਨ ਵਿਵਹਾਰ ਵਿੱਚ ਪ੍ਰਯੋਗ ਕਰਨ ਦਾ ਅਭਿਆਸ ਨਿਰੰਤਰ ਜਾਰੀ ਰੱਖਣ ਨਾਲ ਸਦੀਵ ਕਾਲ ਅਨੰਦਿਤ ਅਵਸਥਾ ਬਣੀ ਰਹਿੰਦੀ ਹੈ। ਗੁਰੂਦੇਵ ਜੀ ਦਾ ਹਿਰਦਾ ਵਿਸ਼ਾਲਤਾ, ਉਦਾਰਮਈ ਅਤੇ ਖਿਮਾਯੁਕਤ ਭਾਵਨਾ ਦਾ ਸੁਮੇਲ ਸੀ। ਹਰੇਕ ਮਹਾਂਪੁਰਸ਼ ਲਈ ਉਨ੍ਹਾਂ ਦੇ ਦਿਲ ਵਿੱਚ ਅਪਣਤ ਦਾ ਅਹਿਸਾਸ ਸੀ। ਉਨ੍ਹਾਂ ਦਾ ਪਿਆਰ-ਦੁਲਾਰ ਸਿਰਫ ਆਪਣੇ ਪ੍ਰੀਵਾਰਿਕ ਜੀਆਂ ਤੱਕ ਹੀ ਸੀਮਿਤ ਨਹੀਂ ਸੀ ਸਗੋਂ ਵਿਸ਼ਵ ਭਰ ਵਿੱਚ ਫੈਲੇ ਸਾਰੇ ਮਾਨਵ ਪਰਿਵਾਰ ਲਈ ਸੀ। ਉਨ੍ਹਾਂ ਦੇ ਮਨ ਵਿੱਚ ਐਨੀ ਨਿਮਰਤਾ ਸੀ ਕਿ ਉਹ ਆਪਣੇ ਆਪ ਨੂੰ ਸਾਧ ਸੰਗਤ ਦਾ ਦਾਸ ਸਮਝਦੇ ਸਨ।

ਨਿਰੰਕਾਰੀ ਭਗਤ ਅਪਣਤ ਦੇ ਜ਼ਜ਼ਬੇ ਨਾਲ ਜਿੰਨਾਂ ਪ੍ਰੇਮ, ਪਿਆਰ ਗੁਰੂਦੇਵ ਜੀ ਨਾਲ ਕਰਦੇ ਸਨ, ਉਸ ਨਾਲੋਂ ਕਿਤੇ ਅਧਿਕ ਮਾਤਰਾ ਵਿਚ ਬਾਬਾ ਹਰਦੇਵ ਜੀ ਉਨ੍ਹਾਂ ਨੂੰ ਪਿਆਰ ਦਿੰਦੇ ਸਨ। ਬਾਬਾ ਜੀ ਆਪਣੇ ਸ਼ਰਧਾਲੂਆਂ ਦੀ ਹਰੇਕ ਛੋਟੀ-ਵੱਡੀ ਗੱਲ ਨੂੰ ਬੜੇ ਧਿਆਨ ਨਾਲ ਸੁਣਦੇ ਅਤੇ ਅਸ਼ੀਰਵਾਦਾਂ ਪ੍ਰਦਾਨ ਕਰਦੇ ਜਿਸ ਦੇ ਫਲਸਰੂਪ ਮਹਾਂਪੁਰਸ਼ਾਂ ਦੇ ਕਾਰਜ ਰਾਸ ਹੋ ਜਾਂਦੇ। ਬਾਬਾ ਹਰਦੇਵ ਜੀ ਦੇ ਰੂਹਾਨੀ ਘੇਰੇ ਦੀ ਤੀਬਰਤਾ ਐਨੀ ਵਿਸ਼ਾਲ ਸੀ ਕਿ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਨਿਰੰਕਾਰੀ ਮਹਾਤਮਾ ਆਪ ਜੀ ਦਾ ਧਿਆਨ ਧਰ ਕੇ ਅਰਦਾਸ ਬੇਨਤੀ ਕਰਦੇ ਤਾਂ ਅੱਖ ਦੇ ਫਰਕਣ ਦੇ ਸਮੇਂ ਅੰਦਰ ਹੀ ਉਨ੍ਹਾਂ ਦਾ ਸੰਪਰਕ ਬਾਬਾ ਜੀ ਨਾਲ ਜੁੜ ਜਾਂਦਾ, ਕਾਰਜ ਰਾਸ ਹੋ ਜਾਂਦੇ ਅਤੇ ਮਨ ਸ਼ਾਂਤ ਹੋ ਜਾਂਦਾ। ਬਾਬਾ ਜੀ ਨੂੰ ਆਪਣੇ ਸ਼ਰਧਾਲੂ-ਭਗਤਾਂ ਦੇ ਮਨਾਂ ਵਿੱਚ ਜੋ ਵੀ ਆਹੋਭਾਵ ਜਾਗਦੇ ਉਨ੍ਹਾਂ ਦਾ ਪਹਿਲਾਂ ਹੀ ਪਤਾ ਲਗ ਜਾਂਦਾ ਸੀ। ਬਾਬਾ ਜੀ ਆਪਣੇ ਰੂਹਾਨੀ ਤੇਜਸਵ ਨਾਲ ਆਪਣੇ ਮਹਾਂਪੁਰਸ਼ਾਂ ਨੂੰ ਅਹਿਸਾਸ ਕਰਾ ਦੇਂਦੇ ਸਨ ਕਿ ਜਦੋਂ ਵੀ ਅਤੇ ਜਿਥੇ ਵੀ ਉਨ੍ਹਾਂ ਨੇ ਸੱਚੇ ਦਿਲੋਂ ਸ਼ਰਧਾ ਨਾਲ ਯਾਦ ਕੀਤਾ, ਮੈਨੂੰ ਉਨ੍ਹਾਂ ਦਾ ਪਿਆਰ

ਭਰਿਆ ਸੁਨੇਹਾ ਮਿਲ ਜਾਂਦਾ ਹੈ। ਇਕ ਵਾਰ ਇਟਲੀ ਦੇਸ਼ ਦੀ ਪ੍ਰਚਾਰ ਯਾਤਰਾ ਦੌਰਾਨ ਬਾਬਾ ਜੀ ਦੀ ਤਬੀਅਤ ਠੀਕ ਨਹੀਂ ਸੀ। ਪ੍ਰਬੰਧਕੀ ਮਹਾਤਮਾ ਨੇ ਬੇਨਤੀ ਕੀਤੀ ਕਿ ਹੁਕਮ ਹੋਵੇ ਤਾਂ ਇਸ ਵਾਰ ਸੰਗਤਾਂ ਨੂੰ ਦੂਰੋਂ ਹੀ ਨਿਮਸਕਾਰ ਕਰਵਾ ਦਿੱਤੀ ਜਾਵੇ। ਆਪ ਜੀ ਨੂੰ ਆਰਾਮ ਲਈ ਸਮਾਂ ਮਿਲ ਜਾਏ ਗਾ। ਬਾਬਾ ਜੀ ਨੇ ਕਿਹਾ ਨਹੀਂ, ਦਾਸ ਤਾਂ ਕਦੇ-ਕਦਾਈਂ ਆਉਂਦਾ ਹੈ। ਦਰਸ਼ਨਾਂ ਦੀ ਤਮੰਨਾ ਜਿਸ ਤਰ੍ਹਾਂ ਸੰਗਤਾਂ ਨੂੰ ਹੈ ਇਸ ਤਰ੍ਹਾਂ ਮੇਰੇ ਮਨ ਵਿੱਚ ਵੀ ਤਾਂਘ ਹੈ। ਸੰਗਤਾਂ ਨੂੰ ਖੁਸ਼ੀ ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਸਤਿਗੁਰੂ ਸੰਗਤਾਂ ਦੀ ਖੁਸ਼ੀ ਨੂੰ ਹੀ ਆਪਣਾ ਜੀਵਨ ਸਮਝਦੇ ਸਨ। ਹਰ ਸੰਤ ਦੀ ਮੰਗ ਨੂੰ ਪੂਰੀ ਕਰਨਾ ਬਾਬਾ ਜੀ ਆਪਣਾ ਫਰਜ ਸਮਝਦੇ ਸਨ।

(ਵੇਖੋ ਬਾਕੀ ਪੰਨਾ 26 ਤੇ)

ਖ਼ੂਨਦਾਨ
ਮਹਾਨ ਸੇਵਾ

ਖ਼ੂਨਦਾਨ ਮੁਹਿੰਮ ਨੂੰ ਨਿਰੰਕਾਰੀ ਮਿਸ਼ਨ ਨੇ ਮਨੁੱਖੀ ਸੇਵਾ ਦੇ ਸਿਖਰਲੇ ਕਾਰਜ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਇਹੀ ਕਾਰਨ ਹੈ ਕਿ ਦੇਸ਼ ਭਰ ਵਿੱਚ ਨਿਰੰਕਾਰੀ ਮਿਸ਼ਨ ਨੂੰ ਸਵੈਇੱਛਕ ਖ਼ੂਨਦਾਨ ਕਰਨ ਵਾਲੀਆਂ ਸੰਸਥਾਵਾਂ ਵਿੱਚ ਮੋਹਰੀ ਹੋਣ ਦਾ ਮਾਣ ਹਾਸਿਲ ਹੈ।

❒ ਪ੍ਰਮੋਦ ਧੀਰ (ਜੈਤੋ)

ਸੰਤ ਨਿਰੰਕਾਰੀ ਮਿਸ਼ਨ ਸੰਸਾਰ ਭਰ ਵਿੱਚ ਬ੍ਰਹਮਗਿਆਨ ਪ੍ਰਾਪਤੀ ਦੇ ਪ੍ਰਚਾਰ-ਪ੍ਰਸਾਰ ਦੀ ਮੁਹਿੰਮ ਹੈ। ਬ੍ਰਹਮਗਿਆਨ ਦੇ ਮਾਧਿਅਮ ਨਾਲ 'ਸ਼ਾਂਤੀ' ਸਦਭਾਵ ਅਤੇ ਭਾਈਚਾਰੇ ਦੀ ਸਥਾਪਨਾ ਲਈ ਯਤਨਸ਼ੀਲ, ਇਹ ਮਿਸ਼ਨ ਮਨੁੱਖਤਾ ਨੂੰ ਹਰ ਮਨੁੱਖ ਦੇ ਜੀਵਨ ਦਾ ਵਿਵਹਾਰਕ ਅੰਗ ਬਣਾਉਣ ਦੀ ਦਿਸ਼ਾ ਵਿੱਚ ਚਲ ਰਿਹਾ ਹੈ। ਮਿਸ਼ਨ ਦਾ ਮੁੱਖ ਮੰਤਵ ਅਧਿਆਤਮਿਕ ਜਾਗਰੂਕਤਾ ਪ੍ਰਦਾਨ ਕਰਨਾ ਹੈ ਪ੍ਰੰਤੂ ਆਤਮਿਕ ਜਾਗਰੂਕਤਾ ਦੇ ਨਾਲ-ਨਾਲ ਸਮਾਜਿਕ ਸੇਵਾ ਨੂੰ ਵੀ ਮਿਸ਼ਨ ਨੇ ਅਪਨਾਇਆ ਹੈ। ਸੇਵਾ ਦੇ ਖੇਤਰ ਵਿੱਚ ਉਂਝ ਤਾਂ ਅਨੇਕ ਸੰਸਥਾਵਾਂ ਕਾਰਜਸ਼ੀਲ ਹਨ ਪਰ ਸੰਤ ਨਿਰੰਕਾਰੀ ਮਿਸ਼ਨ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਲਾਂਘਾਯੋਗ ਯੋਗਦਾਨ ਦਿੱਤਾ ਹੈ ਜਿਸ ਕਾਰਨ ਹਰ ਵਰਗ ਇਸਦੀ ਪ੍ਰਸ਼ੰਸਾ ਕਰਦਾ ਹੈ। ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਸਮੇਂ-ਸਮੇਂ ਤੇ ਇਤਿਹਾਸਕ ਥਾਂਵਾਂ, ਰੇਲਵੇ ਸਟੇਸ਼ਨਾਂ, ਪਾਰਕਾਂ, ਹਸਪਤਾਲਾਂ, ਡਿਸਪੈਂਸਰੀਆਂ, ਸਮੁੰਦਰ ਅਤੇ ਨਦੀਆਂ ਦੇ ਤਟਾਂ ਆਦਿ ਦੀ ਸਫ਼ਾਈ ਕੀਤੀ ਜਾਂਦੀ ਹੈ ਅਤੇ ਸੰਸਾਰ ਭਰ ਵਿੱਚ ਖ਼ੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਕਿ ਸਾਰਾ ਸਾਲ ਹੀ ਚਲਦਾ ਰਹਿੰਦਾ ਹੈ। ਇਸ ਤੋਂ ਇਲਾਵਾ ਭੁਚਾਲ-ਪੀੜਿਤਾਂ, ਕੁਦਰਤੀ ਆਫਤਾਂ ਤੋਂ ਪੀੜਿਤਾਂ ਦੀ ਸਹਾਇਤਾ ਲਈ ਵੀ ਨਿਰੰਕਾਰੀ ਮਿਸ਼ਨ ਦੁਆਰਾ ਭਰਪੂਰ ਯੋਗਦਾਨ ਪਾਇਆ ਜਾਂਦਾ ਹੈ।

ਖ਼ੂਨਦਾਨ ਮਹਾਂਦਾਨ: ਖ਼ੂਨਦਾਨ ਮਹਾਂਦਾਨ ਹੈ। ਸਭ ਦਾਨਾਂ ਵਿਚੋਂ ਸ੍ਰੇਸ਼ਠ ਹੈ ਇਹ ਦਾਨ, ਕਿਉਂਕਿ ਖ਼ੂਨ ਦਾ ਕੋਈ ਵਿਕਲਪ ਮੌਜੂਦ ਨਹੀਂ ਹੈ ਅਤੇ ਸਰੀਰ ਵਿੱਚ ਖ਼ੂਨ ਦਾ ਨਿਸ਼ਚਿਤ ਮਾਤਰਾ ਨਾਲੋਂ ਘੱਟ ਹੋ ਜਾਣਾ ਜਾਨਲੇਵਾ ਹੈ। ਖ਼ੂਨ ਦੀ ਘਾਟ ਦੀ ਪੂਰਤੀ ਕੇਵਲ ਮਨੁੱਖੀ ਖ਼ੂਨ ਨਾਲ ਹੀ ਕੀਤੀ ਜਾ ਸਕਦੀ ਹੈ ਹੋਰ ਕੋਈ ਉਪਾਅ ਨਹੀਂ ਹੈ, ਇਸ ਲਈ ਖ਼ੂਨਦਾਨ ਨੂੰ ਮਹਾਂਦਾਨ ਕਿਹਾ ਗਿਆ ਹੈ। ਇੱਛਕ ਖ਼ੂਨਦਾਨੀ ਸੱਮਰਥ ਰੂਪ ਵਿੱਚ ਖ਼ੂਨਦਾਨ ਕਰਨ ਲਈ ਸਾਹਮਣੇ ਆਉਂਦੇ ਹੀ ਨਹੀਂ ਹਨ।

ਖ਼ੂਨਦਾਨ ਵਿੱਚ ਨਿਰੰਕਾਰੀ ਮਿਸ਼ਨ ਦਾ ਯੋਗਦਾਨ: ਖ਼ੂਨਦਾਨ ਮੁਹਿੰਮ ਨੂੰ ਨਿਰੰਕਾਰੀ ਮਿਸ਼ਨ ਨੇ ਮਨੁੱਖੀ ਸੇਵਾ ਦੇ ਸਿਖਰਲੇ ਕਾਰਜ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ।

ਇਹੀ ਕਾਰਨ ਹੈ ਕਿ ਦੇਸ਼ ਭਰ ਵਿੱਚ ਨਿਰੰਕਾਰੀ ਮਿਸ਼ਨ ਨੂੰ ਸਵੈਇੱਛਕ ਖ਼ੂਨਦਾਨ ਕਰਨ ਵਾਲੀਆਂ ਸੰਸਥਾਵਾਂ ਵਿੱਚ ਮੋਹਰੀ ਹੋਣ ਦਾ ਮਾਣ ਹਾਸਿਲ ਹੈ। ਨਿਰੰਕਾਰੀ ਮਿਸ਼ਨ ਵੱਲੋਂ ਖ਼ੂਨਦਾਨ ਮੁਹਿੰਮ ਦੀ ਸ਼ੁਰੂਆਤ ਸੰਨ 1986 ਵਿੱਚ ਹੋਈ, ਜਦ ਪਹਿਲੀ ਵਾਰ ਦਿੱਲੀ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਮਨੁੱਖਤਾ ਦੀ ਸੇਵਾ ਲਈ ਆਪ ਖ਼ੂਨਦਾਨ ਕਰਕੇ ਖ਼ੂਨਦਾਨ ਦੀ ਪ੍ਰੇਰਣਾ ਦਿੱਤੀ, ਜਿਸ ਤੇ ਅਮਲ ਕਰਨ ਲਈ ਹਜ਼ਾਰਾਂ ਸ਼ਰਧਾਲੂ ਉਮੜ ਪਏ। ''ਖ਼ੂਨ ਨਾਲੀਆਂ ਵਿੱਚ ਨਹੀਂ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ'' ਉਹਨਾਂ ਦੀ ਇਹ ਪ੍ਰੇਰਣਾ ਮਨੁੱਖਤਾ ਨੂੰ ਜੀਵਨ ਦਾਨ ਦੇਣ ਦਾ ਮਜ਼ਬੂਤ ਮਾਧਿਯਮ ਬਣ ਗਈ ਅਤੇ ਖ਼ੂਨਦਾਨ ਮੁਹਿੰਮ ਦੇਸ਼-ਵਿਦੇਸ਼ ਵਿੱਚ ਸ਼ੁਰੂ ਹੋ ਗਈ। ਇਸ ਮੁਹਿੰਮ ਵਿੱਚ ਨੌਜਵਾਨਾਂ ਨੇ ਜੋ ਰੁਚੀ ਦਿਖਾਈ ਹੈ, ਉਹ ਕਿਸੇ ਹੈਰਾਨੀ ਨਾਲੋਂ ਘੱਟ ਨਹੀਂ ਹੈ, ਕਿਉਂਕਿ ਅੱਜ ਜਦੋਂ ਇਨਸਾਨ ਹੀ ਦੂਜੇ ਇਨਸਾਨ ਦਾ ਲਹੂ ਵਹਾਉਣ 'ਤੇ ਉਤਾਰੂ ਹੋਵੇ, ਅਜਿਹੇ ਹਾਲਾਤ ਵਿੱਚ ਖ਼ੂਨਦਾਨ ਕਰਨਾ ਨਿਸ਼ਚਿਤ ਤੌਰ ਤੇ ਮਨੁੱਖਤਾ ਲਈ ਮਹਾਨ ਦੇਨ ਹੈ। ਇਹ ਮੁਹਿੰਮ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੇ ਇਸ ਪ੍ਰੇਰਕ ਐਲਾਨ ਉਤੇ ਅਧਾਰਿਤ ਹੈ ਕਿ 'ਬਦਲੇ' ਦੀ ਬਜਾਏ 'ਕੁਰਬਾਨੀ' ਦੀ ਲੋੜ ਹੈ।

ਉਹਨਾਂ ਦਾ ਇਹ ਕਹਿਣਾ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿ 'ਅੱਜ ਦੁਨੀਆ ਵਿੱਚ ਕੁਝ ਲੋਕ ਸੜਕਾਂ ਉਤੇ, ਗਲੀਆਂ ਵਿੱਚ ਮਾਸੂਮਾਂ ਦਾ ਖ਼ੂਨ ਵਹਾ ਰਹੇ ਹਨ ਪਰ ਭਗਤ ਦੂਸਰਿਆਂ ਦਾ ਖ਼ੂਨ ਨਹੀਂ ਵਹਾਉਂਦੇ, ਆਪਣਾ ਖ਼ੂਨ ਦਿੰਦੇ ਹਨ ਤਾਂਕਿ ਉਹ ਖ਼ੂਨ ਦੂਸਰਿਆਂ ਦੀਆਂ ਨਾੜੀਆਂ ਵਿੱਚ ਵਹਿ ਕੇ ਉਨ੍ਹਾਂ ਨੂੰ ਜ਼ਿੰਦਗੀ ਪ੍ਰਦਾਨ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ''ਖ਼ੂਨਦਾਨ ਕਰਕੇ ਅਸੀਂ ਕਿਸੇ ਦੂਜੇ ਉਤੇ ਉਪਕਾਰ ਨਹੀਂ ਕਰਦੇ। ਇਹ ਤਾਂ ਮਨੁੱਖਤਾ ਦੇ ਨਾਤੇ ਸਾਡਾ ਇੱਕ ਮਨੁੱਖੀ ਫਰਜ਼ ਹੈ। ਇਸ ਪ੍ਰਕਾਰ ਅਸੀਂ ਦੂਜੇ ਇਨਸਾਨਾਂ ਨਾਲ ਖ਼ੂਨ ਦਾ ਰਿਸ਼ਤਾ ਜੋੜ ਲੈਂਦੇ ਹਾਂ।' ਸੰਨ 1986 ਵਿੱਚ ਆਰੰਭ ਹੋਈ ਇਹ ਮੁਹਿੰਮ ਅੱਜ ਆਪਣੀ ਚਰਮ ਸੀਮਾ 'ਤੇ ਹੈ। 1987 ਵਿੱਚ ਆਯੋਜਿਤ ਖ਼ੂਨਦਾਨ ਕੈਂਪ ਵਿੱਚ ਸਤਿਗੁਰੂ ਬਾਬਾ ਜੀ ਦੇ ਨਾਲ ਹੀ ਪੂਜਯ ਮਾਤਾ ਸਵਿੰਦਰ ਜੀ ਨੇ ਵੀ ਖ਼ੂਨਦਾਨ ਕੀਤਾ। 1986 ਅਤੇ 1987 ਵਿੱਚ ਕੇਵਲ ਇਕ-ਇਕ ਹੀ ਕੈਂਪ ਲਗਾਇਆ ਗਿਆ ਸੀ ਪਰ ਹੌਲੀ-ਹੌਲੀ ਕੈਂਪਾਂ ਦੀ ਗਿਣਤੀ ਵੱਧਦੀ ਗਈ ਅਤੇ 1997 ਵਿੱਚ ਇਹ ਗਿਣਤੀ 50 ਤੱਕ ਜਾ ਪਹੁੰਚੀ। 1986 ਤੋਂ ਹੁਣ ਤਕ ਲਗਾਏ ਗਏ ਹਜ਼ਾਰਾਂ ਖ਼ੂਨਦਾਨ ਕੈਂਪਾਂ ਵਿੱਚ ਲਗਭਗ 10 ਲੱਖ ਯੂਨਿਟ ਤੋਂ ਵਧ ਖ਼ੂਨ ਇਕੱਠਾ ਕਰਕੇ ਮਾਨਵ ਮਾਤਰ ਦੀ ਭਲਾਈ ਲਈ ਦਿੱਤਾ ਗਿਆ ਹੈ।

ਸੰਤ ਨਿਰੰਕਾਰੀ ਬਲੱਡ ਬੈਂਕ: ਮੁੰਬਈ ਵਿੱਚ 26 ਜਨਵਰੀ 2016 ਨੂੰ ਗਣਤੰਤਰ ਦਿਵਸ 'ਤੇ ਸੰਤ ਨਿਰੰਕਾਰੀ ਭਵਨ, ਵਿਲੇਪਾਰਲੇ ਵਿੱਚ ਮਿਸ਼ਨ ਦੇ ਪਹਿਲੇ ਬਲੱਡ ਬੈਂਕ ਦਾ ਉਦਘਾਟਨ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਕੀਤਾ। ਇਸ ਮੌਕੇ ਉਤੇ ਉਨ੍ਹਾਂ ਕਿਹਾ ਕਿ ਮਿਸ਼ਨ ਵੱਲੋਂ ਸਮਾਜ ਦੇ ਪ੍ਰਤੀ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਲੜੀ ਵਿੱਚ ਇਹ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਬਾਬਾ ਗੁਰਬਚਨ ਸਿੰਘ ਜੀ ਨੇ ਜੋ ਸੁਪਨਾ ਵੇਖਿਆ ਸੀ ਉਹ ਅੱਜ ਸਾਕਾਰ ਹੋ ਗਿਆ ਹੈ। ਇਹ ਬਲੱਡ ਬੈਂਕ ਹਰ ਲੋੜਵੰਦ ਲਈ ਖੋਲ੍ਹਿਆ ਗਿਆ ਹੈ ਜਿਸ ਤੋਂ ਕੋਈ ਵੀ ਇਨਸਾਨ ਲਾਭ ਉਠਾ ਸਕਦਾ ਹੈ।

ਸਨਮਾਨ ਅਤੇ ਅਵਾਰਡ: ਮਿਸ਼ਨ ਨੂੰ ਕਈ ਵਾਰ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਖ਼ੂਨਦਾਨ ਮੁਹਿੰਮ ਵਿੱਚ ਸ਼ਲਾਂਘਾਯੋਗ ਯੋਗਦਾਨ ਦੇਣ ਲਈ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਵਿਸ਼ਵ ਖ਼ੂਨਦਾਨੀ ਦਿਵਸ 'ਤੇ 2016 ਅਤੇ 2017 ਵਿੱਚ ਸਵੈਇੱਛਕ ਖ਼ੂਨਦਾਨ ਦੇ ਖੇਤਰ ਵਿੱਚ ਸ਼ਲਾਂਘਾਯੋਗ ਯੋਗਦਾਨ ਦੇਣ ਲਈ ਸੰਤ ਨਿਰੰਕਾਰੀ ਮੰਡਲ ਨੂੰ ਵਿਸ਼ੇਸ਼ ਸ਼ਲਾਘਾ-ਪੱਤਰ ਪ੍ਰਦਾਨ ਕੀਤਾ ਗਿਆ। ਇਸ ਦੇ ਇਲਾਵਾ ਰਾਜਿੰਦਰ ਪ੍ਰਸਾਦ ਗੌਰਮਿੰਟ ਮੈਡੀਕਲ ਕਾਲਜ, ਕਾਂਗੜਾ ਹਿਮਾਚਲ ਪ੍ਰਦੇਸ਼ ਅਤੇ ਮੁੰਬਈ ਦੇ ਹਿੰਦੂ ਹਿਰਦੇ ਸਮਰਾਟ ਬਾਲਾ ਸਾਹਿਬ ਠਾਕਰੇ ਮੈਡੀਕਲ ਕਾਲਜ ਅਤੇ ਆਰ. ਐਨ. ਕਪੂਰ ਹਸਪਤਾਲ, ਜੁਹੂ ਵੱਲੋਂ ਪ੍ਰਸ਼ੰਸਾ-ਪੱਤਰ, ਰਾਜ ਖ਼ੂਨ ਸੰਚਰਣ ਪ੍ਰੀਸ਼ਦ, ਉੜੀਸਾ ਵੱਲੋਂ ਭੁਵਨੇਸ਼ਵਰ ਵਿੱਚ ਸਨਮਾਨਿਤ ਕੀਤਾ ਗਿਆ। ਮਹਾਂਰਾਸ਼ਟਰ ਦੀ ਹਿੰਗੋਲੀ ਅਤੇ ਜਲਗਾਂਵ ਬ੍ਰਾਂਚ ਨੂੰ ਤੇਲੰਗਾਨਾ ਦੇ ਰਾਜਪਾਲ ਨੇ ਉਤਕ੍ਰਿਸ਼ਟਤਾ ਇਨਾਮ ਨਾਲ ਸਨਮਾਨਿਤ ਕੀਤਾ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੇ ਪਾਵਨ ਮਾਰਗ ਦਰਸ਼ਨ ਵਿੱਚ, ਸੰਤ ਨਿਰੰਕਾਰੀ ਮਿਸ਼ਨ ਸਾਲਾਂ ਤੋਂ ਮਨੁੱਖਤਾ ਦੇ ਹਿਤ ਵਿੱਚ ਇਹ ਕਾਰਜ ਕਰ ਰਿਹਾ ਹੈ। ਆਓ, ਤੁਸੀਂ ਵੀ ਇਸ ਕਲਿਆਣਕਾਰੀ ਮੁਹਿੰਮ ਦਾ ਹਿੱਸਾ ਬਣ ਕੇ ਮਨੁੱਖਤਾ ਨੂੰ ਸੁੱਖੀ ਕਰਨ ਦੇ ਮਹਾਂ-ਮੁਹਿੰਮ ਵਿੱਚ ਸ਼ਾਮਿਲ ਹੋ ਜਾਓ।

ਗੀਤ ਗੁਲਜ਼ਾਰ

ਮਿਲ ਜੁਲ ਕੇ ਰਹਿਣਾ

❐ ਜਸਪਾਲ ਜੱਸਲ/ਗੁਰਤੇਜ (ਮੋਹਾਲੀ)

ਛੱਡ ਕੇ ਤੰਗਦਿਲੀਆਂ ਨੂੰ, ਦਾਇਰੇ ਦਿਲ ਦੇ ਵਿਸ਼ਾਲ ਬਣਾਈਏ।
ਮਿਲ ਜੁਲ ਕੇ ਰਹਿਣਾ ਸਿਖ ਸੱਜਣਾ, ਹਰ ਪਲ ਖੁਸ਼ਹਾਲ ਬਣਾਈਏ।
ਛੱਡ ਕੇ ਤੰਗਦਿਲੀਆਂ ਨੂੰ ...

ਫੁੱਲ ਸੋਹਣੇ ਲੱਗਦੇ ਨੇ, ਬਈ ਜਦ ਖਿੜ-ਖਿੜ ਮਹਿਕਾਂ ਵੰਡਦੇ।
ਇੱਕ ਹੋ ਕੇ ਰਹਿੰਦੇ ਨੇ, ਬਈ ਫੁੱਲ ਭਾਂਤ-ਭਾਂਤ ਹਰ ਰੰਗ ਦੇ।
ਗੁਲਦਸਤਾ ਬਣ ਜਾਂਦਾ, ਫੁੱਲਾਂ ਜਿਹੀ ਮਿਸਾਲ ਬਣਾਈਏ।
ਛੱਡ ਕੇ ਤੰਗਦਿਲੀਆਂ ਨੂੰ ...

ਆਵਣ ਖ਼ਬਰਾਂ ਖੁਸ਼ੀ ਦੀਆਂ, ਸਾਰੇ ਨੱਚਦੇ ਫਿਰਨ ਗੁਆਂਢੀ।
ਹਿੰਦੂ, ਸਿੱਖ ਗੈਰ ਨਹੀਂ, ਸਭ ਨੂੰ ਗਲ ਦੇ ਨਾਲ ਲਗਾਈਏ।
ਛੱਡ ਕੇ ਤੰਗਦਿਲੀਆਂ ਨੂੰ ...

ਏਕੇ ਵਿੱਚ ਬਰਕਤ ਹੈ, ਇਕ ਨੂੰ ਜਾਣ ਕੇ ਇਕ ਹੋ ਜਾਈਏ।
ਇਕ ਨੂੰ ਮੰਨੀਏ, ਇਕ ਨੂੰ ਤੱਕੀਏ, ਇਕ ਦੇ ਹੀ ਹੋ ਜਾਈਏ।
ਗੀਤ 'ਗੁਰਤੇਜ' ਦੇ ਗਾਉਣ ਲਈ, 'ਜੱਸਲ' ਚੱਲ ਸੁਰਤਾਲ ਬਣਾਈਏ।
ਛੱਡ ਕੇ ਤੰਗਦਿਲੀਆਂ ਨੂੰ ...

ਗੁਰੂ ਦਰਵਾਜ਼ਾ ਖੋਲ੍ਹੇ

❐ ਗੁਰਬਖਸ਼ ਕੌਰ 'ਸਫ਼ਰੀ' (ਪਠਾਨਕੋਟ)

ਇਧਰ-ਓਧਰ ਵਿੱਚ ਜੰਗਲਾਂ ਦੇ ਜਿਸ ਨੂੰ ਬੰਦਾ ਟੋਲੇ,
ਰੱਬ ਦੇ ਘਰ ਵਾਲਾ ਗੁਰੂ ਦਰਵਾਜ਼ਾ ਖੋਲ੍ਹੇ-2

ਭਾਗਾਂ ਦੇ ਨਾਲ ਜਨਮ ਇਹ ਮਿਲਿਆ ਸੁੱਤਾ ਨਾ ਰਹਿ ਜਾਈਂ,
ਜਿਸ ਚਰਾਸੀਉਂ ਨਿਕਲ ਆਇਆਂ- ਨਾ ਮੁੜ ਕੇ ਪੈ ਜਾਈਂ,
ਕਿਉਂ ਕਾਗਜ਼ ਦੀ ਬੇੜੀ ਬੈਠੇ ਸੁਣ ਲੈ ਬੰਦੇ ਭੋਲੇ।
ਰੱਬ ਦੇ ਘਰ ...

ਲੋਕ ਲਾਜ ਦਾ ਕੰਬਲ ਲਾਹ ਕੇ ਲੱਗ ਜਾ ਤੂੰ ਗੁਰਚਰਨੀਂ,
ਸਵਾਸਾਂ ਵਾਲੀ ਚੱਟੀ ਐਵੇਂ ਪੈ ਜਾਏਗੀ ਭਰਨੀ,
ਗੁਰੂਆਂ ਪੀਰਾਂ ਦੀ ਬਾਣੀ ਦਾ ਹਰ ਅੱਖਰ ਪਿਆ ਬੋਲੇ।
ਰੱਬ ਦੇ ਘਰ ...
ਰੱਬ ਨਹੀਂ ਸੁੱਤਾ ਤੂੰ ਸੁੱਤਾ ਏਂ ਨਾ ਖੜਕਾ ਖੜਕਾਲਾਂ,
ਹਉਮੈਂ ਨੂੰ ਨਾ ਪੱਲੇ ਪਾ ਲਈ ਛੱਡਦੇ ਮੰਦੀਆਂ ਚਾਲਾਂ,
ਗੁਰੂਚਰਨਾਂ ਵਿੱਚ ਤੀਰਥ ਸਾਰੇ - ਆ ਜਾ ਹੋਲੇ-2
ਰੱਬ ਦੇ ਘਰ ...

ਜੀ ਸਾਰੇ ਮਿਲ ਕੇ

❐ ਭੈਣ ਵਿਦਿਆ ਚੌਹਾਨ (ਬਰੈਡ ਫੋਰਡ, ਇੰਗਲੈਂਡ)

ਸਤਿਗੁਰੂ ਅੱਗੇ ਇਹ ਪੁਕਾਰ ਕਰੀਏ... ਜੀ ਸਾਰੇ ਮਿਲ ਕੇ।
ਤੂੰ ਹੀ ਤੂੰ ਹੀ ਤੂੰ ਹੀ ਨਿਰੰਕਾਰ ਕਰੀਏ... ਜੀ ਸਾਰੇ ਮਿਲ ਕੇ।

ਕੌੜੇ ਫਿੱਕੇ ਬੋਲ ਭੁੱਲ ਕੇ ਨਾਹ ਬੋਲੀਏ,
ਬੋਲਣ ਤੋਂ ਪਹਿਲਾਂ ਗਿਆਨ ਨਾਲ ਤੋਲੀਏ,
ਕਰਮ ਦੇ ਰਾਹੀਂ ਪ੍ਰਚਾਰ ਕਰੀਏ... ਜੀ ਸਾਰੇ ਮਿਲ ਕੇ...

ਕਦਮ ਉਠਾਈਏ ਸਦਾ ਡਰ ਡਰ ਕੇ,
ਮੂੰਹੋਂ ਨਾ ਸੁਣਾਈਏ, ਹੱਥੀਂ ਸੇਵਾ ਕਰਕੇ,
ਜਾਣਦਾ ਹੈ ਗੁਰੂ ਇਤਬਾਰ ਕਰੀਏ... ਜੀ ਸਾਰੇ ਮਿਲ ਕੇ...

ਮਨਮੱਤ ਵੱਲੋਂ ਵੀ ਗੁਰੇਜ਼ ਕਰੀਏ,
ਦੂਜਿਆਂ ਨੂੰ ਕਹਿਣੋਂ ਪ੍ਰਹੇਜ਼ ਕਰੀਏ,
ਪਹਿਲਾਂ ਆਪ ਆਪਣਾ ਸੁਧਾਰ ਕਰੀਏ... ਜੀ ਸਾਰੇ ਮਿਲ ਕੇ...

ਆਪੋ ਵਿੱਚ ਸਾਰੇ ਇਤਫ਼ਾਕ ਰੱਖੀਏ,
ਹਿਰਦੇ ਵਿਸ਼ਾਲ ਅੱਖ ਪਾਕ ਰੱਖੀਏ,
ਹਰ ਬੱਚੇ ਬੱਚੇ ਨਾਲ ਪਿਆਰ ਕਰੀਏ... ਜੀ ਸਾਰੇ ਮਿਲ ਕੇ...

ਨਰ ਪੂਜਾ ਪੂਜਾ ਹੁੰਦੀ ਹੈ ਨਾਰਾਇਣ ਦੀ,
ਗੁਰੂ ਦੀ ਹੈ ਪੂਜਾ ਪੂਜਾ ਵੀਰ ਭੈਣ ਦੀ,
'ਵਿਦਿਆ' ਜੋ ਕਿਹਾ ਉਹੀ ਕਾਰ ਕਰੀਏ... ਜੀ ਸਾਰੇ ਮਿਲ ਕੇ...

ਸਭ ਆਪਸ ਵਿੱਚ ਮਿਲ ਕੇ ਪਿਆਰ ਨਾਲ ਰਹਿਣ

ਇਹ ਇਨਸਾਨੀ ਫ਼ਰਜ ਹੈ ਕਿ ਸਭ ਇਨਸਾਨ ਆਪਸ ਵਿੱਚ ਮਿਲ ਕੇ ਬੈਠਣ, ਇਕ-ਦੂਜੇ ਦੇ ਨਾਲ ਪਿਆਰ-ਮੁਹੱਬਤ ਨਾਲ ਰਹਿਣ। ਭਗਵਾਨ ਨੇ ਸਾਰਿਆਂ ਨੂੰ ਇਨਸਾਨ ਹੀ ਬਣਾ ਕੇ ਭੇਜਿਆ ਹੈ। ਭਗਵਾਨ ਨੇ ਸਾਨੂੰ ਅਲਗ-ਅਲਗ ਜ਼ਾਤੀ ਜਾਂ ਮਜ਼ਹਬ ਦੇ ਰੂਪ ਵਿੱਚ ਨਹੀਂ ਭੇਜਿਆ। ਜੇਕਰ ਭਗਵਾਨ ਸਾਨੂੰ ਅਲਗ-ਅਲਗ ਭੇਜਦਾ ਤਾਂ ਸਾਡੇ ਸਰੀਰ ਤੇ ਕੋਈ ਨਾ ਕੋਈ ਨਿਸ਼ਾਨ ਲਗਾ ਕੇ ਭੇਜਦਾ ਜਿਸ ਨਾਲ ਇਹ ਪਤਾ ਹੁੰਦਾ ਕਿ ਇਹ ਹਿੰਦੂ ਹੈ, ਇਹ ਮੁਸਲਮਾਨ ਹੈ, ਇਹ ਸਿੱਖ ਹੈ ਜਾਂ ਇਹ ਈਸਾਈ ਹੈ। ਪ੍ਰਮਾਤਮਾ ਨੇ ਸਾਡੀ ਸਿਰਫ ਇਕ ਹੀ ਜਾਤੀ ਬਣਾਈ ਹੈ ਅਤੇ ਉਹ ਹੈ ਮਨੁੱਖ। ਲੇਕਿਨ ਇਨਸਾਨ ਜਦੋਂ ਅਪਣੀ ਅਸਲੀਅਤ ਤੋਂ, ਇਨਸਾਨੀਅਤ ਤੋਂ ਗਿਰ ਜਾਂਦਾ ਹੈ ਤਾਂ ਇਸਦਾ ਕਰਮ ਵੀ ਪਸ਼ੂਆਂ ਵਰਗਾ ਬਣ ਜਾਂਦਾ ਹੈ। ਇਹ ਆਪਣੇ ਕਰਮਾਂ ਨੂੰ ਭੁੱਲ ਜਾਂਦਾ ਹੈ, ਆਪਣੇ ਰਸਤੇ ਤੋਂ ਭਟਕ ਜਾਂਦਾ ਹੈ। ਜਿੰਨੇ ਵੀ ਪੂਰਣ ਮਹਾਤਮਾ ਸੰਸਾਰ ਵਿੱਚ ਆਏ, ਉਨ੍ਹਾਂ ਨੇ ਇਨਸਾਨ ਨੂੰ ਇਨਸਾਨ ਦੇ ਨਾਲ ਜੋੜਿਆ, ਕਦੇ ਅਲਗ ਨਹੀਂ ਕੀਤਾ। ਮਹਾਤਮਾਵਾਂ ਨੇ ਇਹੀ ਸੰਦੇਸ਼ ਦਿੱਤਾ ਕਿ ਧਰਮ ਜੋੜਦਾ ਹੈ ਤੋੜਦਾ ਨਹੀਂ। ਮਹਾਤਮਾ ਸ਼ਾਂਤ ਅਤੇ ਸਜਗ ਰਹਿੰਦਾ ਹੈ, ਜੋ ਵੀ ਇਨ੍ਹਾਂ ਦੇ ਨਜ਼ਦੀਕ ਆਉਂਦਾ ਹੈ ਉਸ ਨੂੰ ਆਪਣੀ ਮਿੱਠੀ ਬਾਣੀ ਨਾਲ ਸ਼ੀਤਲ ਕਰ ਦੇਂਦਾ ਹੈ ਅਤੇ ਉਨ੍ਹਾਂ ਨੂੰ ਮਿਲ-ਜੁਲ ਕੇ ਰਹਿਣ ਦੀ ਸਿੱਖਿਆ ਦੇਂਦਾ ਹੈ।

– ਮਮਤਾਮਈ ਨਿਰੰਕਾਰੀ ਰਾਜਮਾਤਾ ਜੀ

ਬ੍ਰਹਮਗਿਆਨ ਨਾਲ ਸੰਭਵ ਹੈ ਸਬਰ-ਸੰਤੋਖ ਦਾ ਆਉਣਾ

ਬਾਬਾ ਗੁਰਬਚਨ ਸਿੰਘ ਜੀ ਨੇ ਫਰਮਾਇਆ ਸੀ-

- ਚੰਗੇ ਕਰਮ ਜਿਵੇਂ ਦਾਨ-ਪੁੰਨ, ਸੁਚ-ਸੰਜਮ, ਵਰਤ-ਨੇਮ, ਪਾਠ-ਪੂਜਾ ਦਾ ਸਮਾਜਿਕ ਤੇ ਵਿਅਕਤੀਗਤ ਮਹੱਤਵ ਤਾਂ ਹੋ ਸਕਦਾ ਹੈ, ਪ੍ਰੰਤੂ ਬ੍ਰਹਮਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਇਹ ਕੇਵਲ ਸੋਨੇ ਦੀ ਬੇੜੀ ਸਮਾਨ ਹਨ। ਬੇੜੀ ਸੋਨੇ ਦੀ ਹੋਵੇ ਜਾਂ ਲੋਹੇ ਦੀ, ਬੰਧਨ ਦੀ ਸੂਚਕ ਹੈ, ਆਜ਼ਾਦੀ ਦੀ ਨਹੀਂ।
- ਬ੍ਰਹਮਗਿਆਨ ਕੇਵਲ ਸ਼ਬਦਾਂ ਤਕ ਸੀਮਿਤ ਨਹੀਂ ਹੋ ਸਕਦਾ। ਗਿਆਨ ਤਾਂ ਅਸਲ ਵਿੱਚ ਉਹ ਬੋਧ ਹੈ ਜੋ ਜੀਵਨ ਵਿੱਚ ਪ੍ਰੀਵਰਤਨ ਲੈ ਆਵੇ।
- ਸ਼ਹਿਰ ਹੋਵੇ ਜਾਂ ਜੰਗਲ, ਦਰਿਆ ਦਾ ਕੰਢਾ ਹੋਵੇ ਜਾਂ ਪਹਾੜ ਦੀ ਚੋਟੀ, ਜਿਥੇ ਵੀ ਬੈਠ ਕੇ ਬ੍ਰਹਮ ਗਿਆਨੀ ਪੁਰਸ਼ ਇਸ ਨਿਰਾਕਾਰ ਬ੍ਰਹਮ ਦਾ ਗਿਆਨ ਦੇਂਦੇ ਹਨ, ਉਹੀ ਤੀਰਥ ਸਥਾਨ ਬਣ ਜਾਂਦਾ ਹੈ।
- ਇਸ ਨਿਰੰਕਾਰ ਸਤਿਗੁਰੂ ਤੋਂ ਸਾਡੇ ਗੁਨਾਹ ਛੁਪੇ ਹੋਏ ਨਹੀਂ ਹਨ ਪ੍ਰੰਤੂ ਇਹ ਅੰਤਰਯਾਮੀ ਸਭ ਕੁਝ ਜਾਣਦਾ ਹੋਇਆ ਵੀ ਸਾਡੇ ਗੁਨਾਹਾਂ ਨੂੰ ਚਿਤਾਰਦਾ ਨਹੀਂ। ਸਾਨੂੰ ਮਾਫ਼ ਕਰ ਦੇਂਦਾ ਹੈ। ਮੁੜ ਚੰਗਾ ਜੀਵਨ ਜੀਣ ਦੀ ਸਿਖਿਆ ਦੇਂਦਾ ਹੈ। ਜੇਕਰ ਗਿਆਨ ਪ੍ਰਾਪਤ ਕਰਕੇ ਹੰਕਾਰ ਆ ਜਾਏ ਤਾਂ ਗੁਰਸਿੱਖ ਗਿਰਾਵਟ ਦੀ ਰਾਹ ਪੈ ਜਾਂਦਾ ਹੈ।
- ਸਤਿਗੁਰੂ ਨਾਲ ਪ੍ਰੇਮ ਤੇ ਭਗਤੀ ਕਰਨ ਵਾਲੇ ਗੁਰਸਿੱਖ ਹੀ ਨਿਰੰਕਾਰ ਪ੍ਰਭੂ ਵਿੱਚ ਲੀਨ ਹੁੰਦੇ ਹਨ। ਬ੍ਰਹਮਗਿਆਨ ਤੋਂ ਬਿਨਾਂ ਸਾਰੀਆਂ ਭਗਤੀਆਂ ਅਗਿਆਨ ਹਨ ਅਤੇ ਇਹ ਅਗਿਆਨ ਹੀ ਜੀਵ ਨੂੰ ਆਵਾਗਮਨ ਵਿੱਚ ਲੈ ਜਾਂਦਾ ਹੈ।
- ਜਿਸ ਤਰ੍ਹਾਂ ਕੋਈ ਕਲਾ-ਕੌਸ਼ਲ ਜਾਂ ਵਿਦਿਆ ਇਕ ਵਾਰ ਸਮਝ ਵਿੱਚ ਬੈਠ ਜਾਵੇ ਤਾਂ ਹਿਰਦੇ ਵਿੱਚ ਘਰ ਕਰ ਲੈਂਦੀ ਹੈ। ਇਸੀ ਤਰ੍ਹਾਂ ਗੁਰੂ ਦਾ ਗਿਆਨ ਜੇਕਰ ਸਮਝ ਵਿੱਚ ਬੈਠ ਜਾਵੇ ਤਾਂ ਬੋਲ ਤੇ ਕਰਮ ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ।
- ਸਤਿਸੰਗ ਉਹ ਗਿਆਨ ਗੰਗਾ ਹੈ ਜਿਥੇ ਮਾਇਆਵੀਂ ਪ੍ਰਭਾਵਾਂ ਦੀ ਮੈਲ ਧੁਲਦੀ ਹੈ ਤੇ ਮਨ ਇਸ ਸ਼ੁਧ ਤੇ ਪਾਵਨ ਨਿਰੰਕਾਰ ਸਤਿਗੁਰੂ ਨਾਲ ਜੁੜ ਕੇ ਮੁੜ ਸ਼ੁਧ ਤੇ ਪਵਿੱਤਰ ਬਣ ਜਾਂਦਾ ਹੈ।
- ਸਤਿਗੁਰੂ ਦੇ ਦਰਬਾਰ ਵਿੱਚ ਜਿਸ ਨੇ ਆਪਣੇ ਆਪ ਨੂੰ ਸਭ ਤੋਂ ਨੀਂਵਾਂ ਕਰ ਲਿਆ, ਉਹੀ ਉਚਾਈ ਨੂੰ ਪ੍ਰਾਪਤ ਹੋ ਗਿਆ।
- ਜੋ ਜਿਗਿਆਸੂ ਬ੍ਰਹਮਗਿਆਨੀ ਦੇ ਚਰਨਾਂ ਤੇ ਗਿਆਨ ਪ੍ਰਾਪਤੀ ਲਈ ਝੁਕਦੇ ਹਨ ਪੂਰਨ ਸਤਿਗੁਰੂ ਉਹਨਾਂ ਦੀਆਂ ਤਕਦੀਰਾਂ ਦੇ ਉਲਟੇ ਅੱਖਰ ਸਿੱਧੇ ਕਰ ਦਿੰਦਾ ਹੈ ਤੇ ਉਹ ਸੁਖਮਈ ਜੀਵਨ ਜੀਣ ਯੋਗ ਬਣ ਜਾਂਦੇ ਹਨ।
- ਸਤਿਗੁਰੂ ਅਮੋਲਕ ਗਿਆਨ ਰੂਪੀ ਧਨ ਗੁਰਸਿੱਖ ਨੂੰ ਪ੍ਰਦਾਨ ਕਰਦਾ ਹੈ। ਇਸਦਾ ਮੁੱਲ ਨਹੀਂ ਚੁਕਾਇਆ ਜਾ ਸਕਦਾ। ਬਸ ਇਕ ਹੀ ਰਾਹ ਹੈ ਕਿ ਗੁਰਸਿੱਖ ਸਦਾ ਹੰਕਾਰ ਰਹਿਤ ਹੋ ਕੇ ਆਪਣੇ ਆਪ ਨੂੰ ਕੁਝ ਨਾ ਸਮਝੇ ਅਤੇ ਗੁਰੂ ਦੇ ਆਦੇਸ਼ਾਂ-ਉਪਦੇਸ਼ਾਂ ਨੂੰ ਬਿਨਾ ਕਿਸੇ ਹੀਲ-ਹੁੱਜਤ ਦੇ ਮੰਨੇ।
- ਸਤਿਗੁਰੂ ਬ੍ਰਹਮ ਦਾ ਦਾਤਾ ਹੁੰਦਾ ਹੈ ਇਹ ਜਿਸ ਬ੍ਰਹਮਗਿਆਨੀ ਭਗਤ ਨੂੰ ਆਗਿਆ ਦੇਵੇ, ਉਹ ਵੀ ਜਿਗਿਆਸੂ ਦੇ ਕਲਿਆਣ ਕਰਨ ਯੋਗ ਹੈ, ਅਰਥਾਤ ਸਤਿਗੁਰੂ ਦਾ ਬਖਸ਼ਿਆ ਹੋਇਆ ਦੂਜਿਆਂ ਨੂੰ ਬਖਸ਼ਣਯੋਗ ਬਣਨ ਸਕਦਾ ਹੈ। ਜਿਵੇਂ ਜਗਦੇ ਦੀਵੇ ਤੋਂ ਦੀਵਾ ਜਗਦਾ ਹੈ, ਤਿਵੇਂ ਹੀ ਬ੍ਰਹਮਗਿਆਨ ਫੈਲਦਾ ਰਹਿੰਦਾ ਹੈ ਤੇ ਗਿਆਨਵਾਨਾਂ ਦੀ ਗਿਣਤੀ ਵਧਦੀ ਰਹਿੰਦੀ ਹੈ।
- ਮਾਇਆ ਦੇ ਲੋਭ ਤੇ ਲਾਲਚ ਦੀ ਅੱਗ ਨੂੰ ਸ਼ਾਂਤ ਕਰਨ ਲਈ ਬ੍ਰਹਮਗਿਆਨ ਦਾ ਪਾਣੀ ਲੋੜੀਂਦਾ ਹੈ ਤੇ ਇਹ ਕੇਵਲ ਸਤਿਗੁਰੂ ਤੋਂ ਹੀ ਮਿਲ ਸਕਦਾ ਹੈ।
- ਬ੍ਰਹਮਗਿਆਨ ਨਾਲ ਮਾਨਸਿਕ ਸੰਤੁਸ਼ਟੀ, ਸਬਰ ਤੇ ਸੰਤੋਖ ਰੂਪੀ ਸੰਪਤੀ ਮਿਲਦੀ ਹੈ। ਜਿਸ ਨੂੰ

ਜਿੰਨਾ ਵੱਧ ਇਕੱਠਾ ਕਰੀਏ, ਓਨਾ ਵੱਧ ਸੁੱਖ ਤੇ ਸ਼ਾਂਤੀ ਜੀਵਨ ਵਿੱਚ ਨਸੀਬ ਹੁੰਦੇ ਹਨ। ਭਗਤਜਨ ਹਮੇਸ਼ਾਂ ਨਾਮ ਰੂਪੀ ਦੌਲਤ ਨੂੰ ਹੀ ਕਮਾਉਂਦੇ, ਵਰਤਦੇ ਤੇ ਵੰਡਦੇ ਹਨ। ਇਹ ਦੌਲਤ ਇਨ੍ਹਾਂ ਦੇ ਜੀਵਨ ਕਾਲ ਦੇ ਬਾਦ ਵੀ ਇਨ੍ਹਾਂ ਨੂੰ ਯਸ ਦਿਵਾਉਂਦੀ ਰਹਿੰਦੀ ਹੈ।

❖ ਸਬਰ, ਸਿਦਕ, ਸਹਿਨਸ਼ੀਲਤਾ, ਸੰਤੋਖ ਆਦਿ ਗੁਣ ਬ੍ਰਹਮਗਿਆਨ ਦੀ ਉਪਜ ਹਨ ਤੇ ਬ੍ਰਹਮਗਿਆਨ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਬ੍ਰਹਮਗਿਆਨ ਕਿਸੇ ਚਤੁਰਾਈ, ਗੁਣ ਜਾਂ ਲਿਆਕਤ ਦਾ ਸੋਦਾ ਨਹੀਂ, ਕੇਵਲ ਸਤਿਗੁਰੂ ਦੀ ਰਹਿਮਤ ਅਤੇ ਬਖਸ਼ਿਸ਼ ਦਾ ਸੋਦਾ ਹੈ। ਗੁਰਸਿੱਖ ਨੇ ਤਾਂ ਕੇਵਲ ਸਮਰਪਿਤ ਹੋਣਾ ਹੁੰਦਾ ਹੈ। ਸਤਿਗੁਰੂ ਹੀ ਆਪਣਾ ਬਿਰਧ ਪਾਲਦਾ ਹੋਇਆ ਗੁਣ-ਅਵਗੁਣ ਚਿਤਾਰੇ ਬਿਨਾਂ ਇਸ ਦੀ ਖਾਲੀ ਝੋਲੀ ਭਰ ਦਿੰਦਾ ਹੈ।

❖ ਜਦੋਂ ਕਈ ਦੀਵੇ ਜਗ ਰਹੇ ਹੋਣ ਤਾਂ ਉਨ੍ਹਾਂ ਦੀ ਰੋਸ਼ਨੀ ਨੂੰ ਵੇਖ ਕੇ ਇਹ ਕਹਿਣਾ ਕਠਿਨ ਹੁੰਦਾ ਹੈ ਕਿ ਕਿਹੜਾ ਦੀਵਾ ਪਹਿਲਾਂ ਜਗਿਆ ਹੈ ਤੇ ਕਿਹੜਾ ਪਿਛੋ। ਇਸੇ ਤਰ੍ਹਾਂ ਬ੍ਰਹਮਗਿਆਨੀ ਦੀ ਪਹਿਚਾਣ ਉਸ ਦੇ ਗਿਆਨ ਲੈਣ ਦੇ ਸਮੇਂ ਤੋਂ ਸਾਲ ਮਹੀਨੇ ਗਿਣ ਕੇ ਨਹੀਂ ਬਲਕਿ ਉਸ ਦੇ ਮਨ-ਬਚਨ-ਕਰਮ ਕਰਕੇ ਹੁੰਦੀ ਹੈ।

❖ ਮਨ ਵਿੱਚ ਗਿਆਨ ਭਰਪੂਰ ਗੁਰਮੱਤ ਦੇ ਵਿਚਾਰਾਂ ਨੂੰ ਉਜਾਗਰ ਕਰਨਾ ਤੇ ਮਨਮੱਤ ਤੋਂ ਬਚਣਾ ਹੀ ਮਨ ਦੀ ਸੇਵਾ ਹੈ। ਉਜਲਾ ਤੇ ਪਾਕ ਮਨ ਹੀ ਦੂਸਰੇ ਦੇ ਮਨ ਦੇ ਵਿਚਾਰਾਂ ਨੂੰ ਉਜੱਵਲ ਤੇ ਪਾਕ ਕਰ ਸਕਦਾ ਹੈ। ਇਹੀ ਸੇਵਾ ਮਹਾਨ ਹੈ।

❖ ਜੇਕਰ ਫੁੱਲਾਂ ਨੂੰ ਇੱਕਠਾ ਵੀ ਕਰ ਲਿਆ ਜਾਏ ਅਤੇ ਢੇਰ ਲਗਾ ਦਿੱਤਾ ਜਾਵੇ ਤਦ ਵੀ ਉਹ ਹਵਾ ਦਾ ਝੌਂਕਾ ਆਉਣ ਨਾਲ ਬਿਖਰ ਜਾਣਗੇ। ਇਸੇ ਤਰ੍ਹਾਂ ਗਿਆਨ ਦੇ ਧਾਗੇ ਦੇ ਬਿਨਾਂ ਏਕਤਾ-ਸੱਚਾਈ ਸੰਗਠਿਤ ਨਹੀਂ ਰਹਿ ਸਕਦੀ।

❖ ਜਿਸਦੇ ਅੰਦਰ ਅਭਿਮਾਨ ਦਾ ਤਾਪ ਆ ਜਾਂਦਾ ਹੈ, ਉਸਨੂੰ ਕਿਧਰੇ ਵੀ ਪ੍ਰੀਤ-ਪਿਆਰ ਅਤੇ ਸਤਿਕਾਰ ਨਹੀਂ ਦਿਖਾਈ ਦਿੰਦਾ। ਉਸਦੀ ਆਪਣੀ ਹਾਲਤ ਵਿਚ ਕਮੀ ਆ ਜਾਂਦੀ ਹੈ, ਇਸ ਲਈ ਉਸਨੂੰ ਹਰ ਜਗ੍ਹਾ ਕਮੀਆਂ ਅਤੇ ਤਰੁਟੀਆਂ ਹੀ ਨਜ਼ਰ ਆਉਂਦੀਆਂ ਹਨ ਤਾਂ ਉਹ ਦੂਜਿਆਂ ਦੀ ਨੁਕਤਾਚੀਨੀ ਵਿਚ ਲੱਗ ਜਾਂਦਾ ਹੈ।

❖ ਗੁਰੂ ਤਾਂ ਹੀ ਖੁਸ਼ ਹੁੰਦਾ ਹੈ ਜਦ ਉਹ ਦੇਖਦਾ ਹੈ ਕਿ ਉਸਦੇ ਸ਼ਰਧਾਲੂ ਆਪਸ ਵਿਚ ਪ੍ਰੇਮ-ਪਿਆਰ ਦੀ ਭਾਵਨਾ ਨਾਲ ਰਹਿ ਰਹੇ ਹਨ। ਹਰ ਪਲ, ਹਰ ਛਿੰਨ ਇਕ ਦੂਜੇ ਦੇ ਮਦਦਗਾਰ ਸਾਬਿਤ ਹੋ ਰਹੇ ਹਨ।

❖ ਜੋ ਸੰਸਾਰ ਵਿਚ ਪੈਦਾ ਹੋਇਆ ਹੈ, ਉਸ ਨੂੰ ਇਕ ਦਿਨ ਮੌਤ ਜ਼ਰੂਰ ਆਵੇਗੀ। ਪਰ ਸਤਿਗੁਰੂ ਦੇ ਚਰਨਾਂ ਵਿਚ ਜਿਸਦਾ ਜਨਮ ਹੋਇਆ ਹੈ, ਉਹ ਕਦੇ ਨਹੀਂ ਮਰ ਸਕਦਾ ਕਿਉਂਕਿ ਉਹ ਅਮਰ ਅਵਸਥਾ ਨੂੰ ਪ੍ਰਾਪਤ ਕਰ ਚੁੱਕਾ ਹੁੰਦਾ ਹੈ।

❖ ਸਾਡੇ ਜੋ ਬੱਚੇ ਹਨ, ਨੌਜਵਾਨ ਹਨ, ਉਨ੍ਹਾਂ ਨੂੰ ਅਸੀਂ ਪ੍ਰਮਾਰਥ ਵਲ ਲਗਾਉਣ ਦੀ ਕੋਸ਼ਿਸ਼ ਕਰਨੀ ਹੈ। ਉਨ੍ਹਾਂ ਨੂੰ ਕਹਿਣਾ ਹੈ ਕਿ ਉਹ ਵੱਧ-ਚੜ੍ਹ ਕੇ ਇਸ ਪਰਮਾਰਥ ਦੇ, ਪ੍ਰਉਪਕਾਰ ਦੇ ਕੰਮ ਵਿਚ ਹਿੱਸਾ ਲੈਣ। ਜੇਕਰ ਆਪਣੀ ਜਗ੍ਹਾ ਛੱਡ ਕੇ ਵੀ ਉਨ੍ਹਾਂ ਨੂੰ ਅੱਗੇ ਲਿਆਇਆ ਜਾਵੇ, ਤਾਂ ਇਹ ਹੋਰ ਵੀ ਮਹਾਨਤਾ ਵਾਲੀ ਗੱਲ ਹੋਵੇਗੀ।

❖ ਭਗਤ ਅੱਠੇ ਪਹਿਰ ਇਸ ਨਿਰੰਕਾਰ ਪ੍ਰਭੂ ਨੂੰ ਅੰਗ-ਸੰਗ ਮਹਿਸੂਸ ਕਰਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿਚ ਖੁਸ਼ ਰਹਿੰਦਾ ਹੈ। ਉਸ ਤੇ ਉਹ ਕਦੇ ਟੀਕਾ-ਟਿਪੱਣੀ ਨਹੀਂ ਕਰਦਾ।

ਧਰਮ

ਪਿਆਰ ਅਤੇ ਏਕਤਾ ਸਿਖਾਉਂਦੈ

ਸੰਸਾਰ ਵਿੱਚ ਪ੍ਰਮਾਤਮਾ ਇਕ ਹੀ ਹੈ। ਇਸ ਇਕ ਰਚਨਹਾਰ ਪ੍ਰਭੂ ਨੇ ਰਚਨਾ ਨੂੰ ਚਲਾਉਣ ਦੇ ਲਈ ਅਲਗ-ਅਲਗ ਗੁਣ ਸੁਭਾਵ ਅਤੇ ਰੁਚੀਆਂ ਨੂੰ ਬਣਾਇਆ ਹੈ। ਪ੍ਰਮਾਤਮਾ ਵੱਲੋਂ ਅਨੇਕਤਾ ਵਿੱਚ ਬਣਾਈ ਗਈ ਇਸ ਰਚਨਾ ਨੂੰ ਇਕ ਕਰਨ ਦਾ ਖ਼ਿਆਲ ਬੇਮਾਇਨੇ ਹੈ। ਜ਼ਰੂਰਤ ਇਸ ਗੱਲ ਦੀ ਨਹੀਂ ਹੈ ਕਿ ਅਨੇਕ ਤਰ੍ਹਾਂ ਦੇ ਲੋਕ ਇਕ ਹੋ ਜਾਣ, ਬਲਕਿ ਜ਼ਰੂਰਤ ਇਸ ਗੱਲ ਦੀ ਹੈ ਕਿ ਉਨ੍ਹਾਂ ਵਿੱਚ ਆਪਸੀ ਤਾਲਮੇਲ, ਮਿਲਵਰਤਨ, ਸਹਿਨਸ਼ੀਲਤਾ ਅਤੇ ਸਮਝਣ ਦੀ ਸ਼ਕਤੀ ਵਧੇ। ਕਿਸੇ ਤੇ ਵਿਚਾਰ ਥੋਪਣ ਨਾਲ ਉਸਦਾ ਵਿਕਾਸ ਰੁਕ ਜਾਵੇਗਾ ਅਤੇ ਉਸ ਵਿੱਚ ਬਦਲੇ ਦੀ ਭਾਵਨਾ ਜਨਮ ਲੈ ਲਵੇਗੀ ਜੋ ਨਫ਼ਰਤ ਦਾ ਕਾਰਣ ਬਣੇਗੀ। ਮਿਲ-ਜੁਲ ਕੇ ਅਨੇਕ ਤਰ੍ਹਾਂ ਦੇ ਕੰਮਾਂ ਨੂੰ ਕਰਨ ਨਾਲ ਇਨਸਾਨ ਦੀ ਤਰੱਕੀ ਹੋਵੇਗੀ, ਮਿਲਵਰਤਨ ਅਤੇ ਏਕਤਾ ਵਧੇਗੀ। ਈਸ਼ਵਰ ਸਭ ਦਾ ਸਾਂਝਾ ਹੈ, ਇਹ ਸਿਰਫ ਕਿਸੇ ਖਾਸ ਧਰਮ ਜਾਂ ਫਿਰਕੇ ਦਾ ਨਹੀਂ ਹੈ। ਭਗਵਾਨ ਦੀ ਕੋਈ ਜਾਤ-ਬਿਰਾਦਰੀ ਨਹੀਂ ਹੈ। ਭਗਵਾਨ ਕਿਸੇ ਖਾਸ ਧਰਮ ਜਾਂ ਜਾਤੀ ਦਾ ਨਹੀਂ ਹੁੰਦਾ, ਅਸਲ ਵਿੱਚ ਧਰਮ ਕਿਸੇ ਨੂੰ ਵੈਰ, ਨਫ਼ਰਤ ਦੀਆਂ ਗੱਲਾਂ ਨਹੀਂ ਸਿਖਾਉਂਦਾ। ਧਰਮ ਸਾਨੂੰ ਕਿਸੇ ਨਾਲੋਂ ਤੋੜਦਾ ਨਹੀਂ ਬਲਕਿ ਇਨਸਾਨ ਨੂੰ ਇਨਸਾਨ ਦੇ ਨਾਲ ਜੋੜਦਾ ਹੈ। ਧਰਮ ਸਾਨੂੰ ਪ੍ਰੀਤ-ਪਿਆਰ, ਨਿਮਰਤਾ ਅਤੇ ਏਕਤਾ ਸਿਖਾਉਂਦਾ ਹੈ। ਨਿਰੰਕਾਰੀ ਮਿਸ਼ਨ ਇਨਸਾਨ ਨੂੰ ਇਨਸਾਨ ਦੇ ਨੇੜੇ ਲਿਆ ਕੇ ਮਾਨਵ ਏਕਤਾ ਸਥਾਪਿਤ ਕਰ ਰਿਹਾ ਹੈ।

-ਯੁਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ

ਰੂਪ ਬਦਲਦਾ ਹੈ ਸੰਦੇਸ਼ ਨਹੀਂ

❒ ਡਾ. ਕੇ. ਐਲ. ਗੋਇਲ (ਸੁਨਾਮ)

ਗੁਰੂ-ਪੀਰ-ਪੈਗੰਬਰਾਂ ਦੇ ਰੂਪ ਬਦਲ ਜਾਣ ਨਾਲ ਉਹਨਾਂ ਦੇ ਗਿਆਨ ਦਾ ਸੰਦੇਸ਼ ਨਹੀ ਬਦਲਦਾ। ਗਿਆਨ ਦੀ ਸੱਚਾਈ ਸਮੇਂ ਅਤੇ ਸਥਾਨ ਨਾਲ ਬਦਲਦੀ ਨਹੀਂ। ਯੁੱਗਾਂ-ਯੁੱਗਾਂਤਰਾਂ ਤੋਂ ਇਹ ਸੱਚਾਈ ਇੱਕ ਹੀ ਹੈ ਤੇ ਸਦਾ ਇੱਕ ਹੀ ਰਹਿੰਦੀ ਹੈ। ਨਿਰੰਕਾਰ ਦੇ ਵਿਧਾਨ ਮੁਤਾਬਿਕ ਸਤਿਗੁਰੂ ਦਾ ਸਰੀਰ ਬਦਲਦਾ ਆਇਆ ਹੈ। ਭਗਵਾਨ ਰਾਮ ਆਏ, ਭਗਵਾਨ ਕ੍ਰਿਸ਼ਨ ਆਏ ਅਤੇ ਦੱਸ ਗੁਰੂ ਸਾਹਿਬਾਨ ਆਏ। ਇਨ੍ਹਾਂ ਨੇ ਬ੍ਰਹਮਗਿਆਨ ਅਤੇ ਆਪਣੀਆਂ ਮਹਾਨ ਬਾਣੀਆਂ ਨਾਲ ਸੰਸਾਰ ਨੂੰ ਕ੍ਰਿਤਾਰਥ ਕੀਤਾ ਅਤੇ ਰੱਬੀ ਰਹਿਮਤਾਂ ਵੰਡੀਆਂ। ਬਾਬਾ ਬੂਟਾ ਸਿੰਘ ਜੀ, ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ, ਯੁੱਗ ਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ, ਯੁੱਗ ਦ੍ਰਿਸ਼ਟਾ ਬਾਬਾ ਹਰਦੇਵ ਸਿੰਘ ਜੀ, ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਪ੍ਰਗਟ ਹੋਏ ਅਤੇ ਹੁਣ ਸਤਿਗੁਰੂ ਮਾਤਾ ਸੁਦੀਕਸ਼ਾ ਸਵਿੰਦਰ ਹਰਦੇਵ ਜੀ ਦਾ ਸਰੂਪ ਨਿਰੰਕਾਰ ਨੇ ਚੁਣਿਆ ਹੈ। ਨਿਰੰਕਾਰ ਸਰਵ-ਵਿਆਪਕ ਅਤੇ ਸਰਬ-ਸ਼ਕਤੀਮਾਨ ਸੱਤਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਪ੍ਰਗਟ ਨਹੀਂ ਕਰ ਸਕਦਾ। ਪੂਰਨ ਸਤਿਗੁਰੂ ਹੀ ਬ੍ਰਹਮ ਨੂੰ ਪ੍ਰਗਟ ਕਰ ਸਕਦਾ ਹੈ। ਸਮੇਂ ਦਾ ਸਤਿਗੁਰੂ ਬ੍ਰਹਮ ਦਾ ਸਾਕਾਰ ਰੂਪ ਹੁੰਦਾ ਹੈ, ਜੋ ਲੋਕਾਂ ਨੂੰ ਅਗਿਆਨਤਾ ਦੇ ਹਨ੍ਹੇਰ ਵਿਚੋਂ ਕੱਢਦਾ ਹੈ।

ਨਿਰੰਕਾਰ ਅਤੇ ਸਾਕਾਰ ਸਤਿਗੁਰੂ ਵਿੱਚ ਇਹੀ ਅੰਤਰ ਹੁੰਦਾ ਹੈ ਕਿ ਨਿਰੰਕਾਰ ਸਦਾ ਇੱਕ ਰਸ ਰਹਿੰਦਾ ਹੈ, ਜਦਕਿ ਸਾਕਾਰ ਸਤਿਗੁਰੂ ਸਮੇਂ-ਸਮੇਂ ਆਪਣਾ ਰੂਪ ਬਦਲਦਾ ਰਹਿੰਦਾ ਹੈ। ਧਾਰਮਿਕ ਗ੍ਰੰਥਾਂ ਦਾ ਕਥਨ ਵੀ ਹੈ ਕਿ-

ਜੋਤਿ ਓਹਾ ਜੁਗਤਿ ਸਾਇ।।
ਸਹਿ ਕਾਇਆ ਫੇਰਿ ਪਲਟੀਐ।।

(ਆਦਿ ਗ੍ਰੰਥ ਪੰਨਾ ਨੰ.966)

ਨਿਰੰਕਾਰ ਦੀ ਕ੍ਰਿਪਾ ਦੁਆਰਾ ਅੱਜ ਵੀ ਸਤਿਗੁਰੂ ਮਾਨਵਤਾ ਦਾ ਮਾਰਗ-ਦਰਸ਼ਕ ਕਰਕੇ ਉਸਨੂੰ ਉਚਾਈਆਂ ਤੇ ਲਿਜਾ ਰਹੇ ਹਨ। ਭਰਮ-ਭਰਾਂਤੀਆਂ ਵਿੱਚ ਪਏ ਲੋਕਾਂ ਨੂੰ ਬ੍ਰਹਮਗਿਆਨ ਪ੍ਰਦਾਨ ਕਰ ਰਹੇ ਹਨ। ਬ੍ਰਹਮਗਿਆਨ ਦੀ ਅਣਹੋਂਦ ਕਾਰਨ ਨਾ ਯੋਗ ਦੀ ਸਾਰਥਿਕਤਾ ਹੈ, ਨਾ ਜੀਵਨ ਦੇ ਮੰਤਵ ਦੀ ਪੂਰਤੀ ਹੁੰਦੀ ਹੈ। ਕੇਵਲ ਕਰਮਕਾਂਡਾਂ ਉਪਰ ਚਲਦੇ ਰਹਿਣ ਨਾਲ ਬ੍ਰਹਮਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਦੈਵੀ ਗਿਆਨ ਪ੍ਰਾਪਤ ਕਰਨ ਨਾਲ ਹੀ ਵਿਵਹਾਰਕ ਰਵੱਈਆ ਅਖਤਿਆਰ ਕੀਤਾ ਜਾ ਸਕਦਾ ਹੈ। ਜਿਵੇਂ ਇਕ ਜਗਦਾ ਹੋਇਆ ਦੀਵਾ ਹੋਰ ਦੀਵਿਆਂ ਨੂੰ ਰੋਸ਼ਨ ਕਰਦਾ ਹੈ, ਇਸੇ ਤਰ੍ਹਾਂ ਪੂਰਨ ਸਤਿਗੁਰੂ ਗਿਆਨ ਦਾ ਚਾਨਣ ਪ੍ਰਦਾਨ ਕਰਦਾ ਹੈ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਆਪਣੀ ਇਕ ਵਿਚਾਰ ਵਿੱਚ ਬਖਸ਼ਿਸ਼ ਕਰਦੇ ਹਨ ਕਿ' ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਹੋਰ ਕੋਈ ਵੀ ਉਪਾਅ ਵਾਰ-ਵਾਰ ਮੌਤ ਤੋਂ ਛੁਟਕਾਰਾ ਪਾਉਣ ਲਈ, ਇਨਸਾਨ ਨੂੰ ਆਵਾਗਵਨ ਤੋਂ ਮੁਕਤੀ ਦਵਾਉਣ ਵਿਚ ਸਮਰਥ ਨਹੀਂ ਹੈ। ਪ੍ਰਮਾਤਮਾ ਬਹੁਤ ਨਜ਼ਦੀਕ ਹੈ, ਹਰ ਜਗ੍ਹਾ ਹੈ। ਅਨੁਭਵ ਸਤਿਗੁਰੂ ਕੋਲੋਂ ਹੀ ਮਿਲ ਸਕਦਾ ਹੈ।

ਪੂਰਨ ਸਤਿਗੁਰੂ ਸਿਰਫ ਸ਼ਬਦਾਂ ਦਾ ਹੀ ਸਹਾਰਾ ਨਹੀਂ ਲੈਂਦਾ, ਉਹ ਰਮੇ ਰਾਮ ਦਾ ਪ੍ਰਤੱਖ ਰੂਪ ਵਿੱਚ ਦਰਸ਼ਨ ਵੀ ਕਰਾਉਂਦਾ ਹੈ। ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਨੇ ਫਰਮਾਇਆ ਸੀ- ''ਸਤਿਗੁਰੂ ਦੀ ਪਹਿਚਾਨ ਕੀ ਹੈ? ਸੱਚਾ-ਸੁੱਚਾ ਬ੍ਰਹਮ ਦਾ ਗਿਆਨ ਹੀ ਉਸ ਦੀ

(ਵੇਖੋ ਬਾਕੀ ਪੰਨਾ 26 ਤੇ)

ਕਵੀਆਂ ਦੀ ਕਲਮ ਤੋਂ

ਜੀਵਨ ਹੋਵੇ ਗੁਰਮੱਤ ਅਨੁਸਾਰ

❐ ਐਸ. ਆਰ. 'ਭੱਟੀ' (ਫਗਵਾੜਾ)

ਨਫ਼ਰਤ ਨਿੰਦਿਆ, ਚੁਗਲੀ ਛੱਡ ਕੇ, ਬਣੀਏ ਇਕ ਦੂਜੇ ਦੇ ਯਾਰ।
ਲਾਲਚ ਲੋਭ ਤਿਆਗ ਕੇ ਆਓ, ਕਰੀਏ ਵੀਰਾਨੇ ਗੁਲਜ਼ਾਰ।
ਮੁੜ ਮੁੜ ਮਰਨਾ ਜੰਮਣੇ ਨਾਲੋਂ, ਮਰੀਏ ਗੁਰ ਦਰ ਤੇ ਇਕਵਾਰ।
ਆਪਣਾ ਕੀਤਾ ਕੁਝ ਨਹੀਂ ਬਣਨਾ, ਭਾਵੇਂ ਜੋਰ ਲਗਾ ਲੱਖਵਾਰ।
ਸੁੱਖਾਂ ਨਾਲ ਜੇ ਭਰਨੀ ਝੋਲੀ, ਹਰ ਇਕ ਦਾ ਬਣ ਖ਼ਿਦਮਤਗਾਰ।
ਨਿਰੰਕਾਰ ਦਾ ਲਓ ਆਸਰਾ, ਜੀਵਨ ਹੋਏ ਗੁਰਮੱਤ ਅਨੁਸਾਰ।

ਗੁਰਮੱਤ ਦੇ ਦਾਇਰੇ ਵਿੱਚ ਰਹਿ ਕੇ, ਕੀ ਕੰਮ ਕਦੇ ਤੂੰ ਕਰਦਾ ਏਂ?
ਕਿਸੇ ਦੁਖੀ ਦਿਲਗੀਰ ਨੂੰ ਤੱਕ ਕੇ, ਕਦੇ ਤੂੰ ਹਉਕੇ ਭਰਦਾ ਏਂ?
ਦੂਜੇ ਦੇ ਸੁੱਖਾਂ ਦੀ ਖਾਤਿਰ, ਕੀ ਦੁੱਖ ਸਿਰ ਤੇ ਜਰਦਾ ਏਂ?
ਗੁਰਬਾਣੀ ਨੂੰ ਪੜ ਕੇ ਸੁਣ ਕੇ, ਕੀ ਬਚਨਾਂ ਤੇ ਚੱਲਦਾ ਏਂ?
ਜੇ ਜੀਵਨ ਨੂੰ ਸੌਖਾ ਕਰਨਾ, ਲਾਹ ਭਰਮਾਂ ਦਾ ਸਿਰ ਤੋਂ ਭਾਰ।
ਨਿਰੰਕਾਰ ਦਾ ਲਓ ਆਸਰਾ, ਜੀਵਨ ਹੋਵੇ ਗੁਰਮੱਤ ਅਨੁਸਾਰ।

ਕਿਸੇ ਮਾਨਵ ਨੂੰ ਬਿਪਤਾ ਦੇ ਵਿੱਚ, ਕੀ ਧਰਵਾਸ ਦੁਆਇਆ ਤੂੰ?
ਕਿਸੇ ਰੋਂਦੇ ਹੋਏ ਪ੍ਰਾਣੀ ਤਾਂਈਂ, ਦੱਸ ਖਾਂ ਕਦੇ ਹਸਾਇਆ ਤੂੰ?
ਕਮਜ਼ੋਰ ਨਿਤਾਣਾ ਡਿਗ ਪਏ ਜੇਕਰ, ਭੱਜ ਕੇ ਕਦੇ ਉਠਾਇਆ ਤੂੰ?
ਬਿਦਰ ਦੇ ਘਰ ਸਾਗ ਅਲੂਣਾ, ਕੀ ਖੁਸ਼ ਹੋ ਕੇ ਖਾਇਆ ਤੂੰ?
ਜੇ ਇਹ ਗੁਣ ਨਹੀਂ ਪੱਲੇ ਤੇਰੇ, ਤੂੰ ਹੈ ਇਸ ਧਰਤੀ ਤੇ ਭਾਰ।
ਨਿਰੰਕਾਰ ਦਾ ਲਓ ਆਸਰਾ, ਜੀਵਨ ਹੋਵੇ ਗੁਰਮੱਤ ਅਨੁਸਾਰ।

ਗ਼ਜ਼ਲ

❐ ਕਰਮ ਸਿੰਘ 'ਕਰਮ' (ਘੋਲੀਆਂ)

ਸ਼ਰਧਾ ਤੇ ਵਿਸ਼ਵਾਸ ਬਿਨਾਂ ਨਹੀਂ ਭਗਤੀ ਹੋਣੀ।
ਹਿਰਦਿਓਂ ਲੱਗੀ ਪਿਆਸ ਬਿਨਾਂ ਨਹੀਂ ਭਗਤੀ ਹੋਣੀ।
ਮੂੰਹੋਂ ਕਹਿੰਦਾ ਦਾਸ ਤੇ ਮਨ ਵਿੱਚ ਹੈਂਕੜ ਹੈ,
ਸੱਚਮੁਚ ਬਣੇ ਦਾਸ ਬਿਨਾ ਨਹੀਂ ਭਗਤੀ ਹੋਣੀ।
ਐ ਲੋਕੋ ਵਿਖਾਵੇ ਵਾਲੀ ਭਗਤੀ ਕਿਸ ਕੰਮ ਦੀ,
ਸ਼ੋਹਰਤ ਦੀ ਛੱਡ ਆਸ ਬਿਨਾ ਨਹੀਂ ਭਗਤੀ ਹੋਣੀ।
ਕਦੇ ਮੁਰਸ਼ਦ ਬਾਝੋਂ ਰੱਬ ਕਿਸੇ ਨੂੰ ਮਿਲਿਆ ਨਾ,
ਰੱਬ ਨੂੰ ਵੇਖੇ ਪਾਸ ਬਿਨਾਂ ਨਹੀਂ ਭਗਤੀ ਹੋਣੀ।
ਉਠਦੇ ਬਹਿੰਦੇ ਤੇ ਖਾਂਦੇ-ਪੀਂਦੇ ਹਰ ਵੇਲੇ,
ਸਿਮਰਨ ਸਾਸ-ਗਿਰਾਸ ਬਿਨਾ ਨਹੀਂ ਭਗਤੀ ਹੋਣੀ।
ਝੂਠੀਆਂ ਆਸਾਂ ਹੋਰ ਕਿਸੇ ਤੇ ਲਾਈਏ ਨਾ,
ਗੁਰੂ ਉਤੇ ਰੱਖ ਆਸ ਬਿਨਾ ਨਹੀਂ ਭਗਤੀ ਹੋਣੀ।
ਤੂੰ ਛੱਡ ਕੇ ਹੋਰ ਸਹਾਰੇ ਇਕ ਦਾ ਹੋ ਸੱਜਣਾ,
ਇਕ ਦਾ ਬਣ ਕੇ ਖਾਸ ਬਿਨਾਂ ਨਹੀਂ ਭਗਤੀ ਹੋਣੀ।
ਬਸ 'ਕਰਮ' ਕਰੀਂ ਚੱਲ ਫਲ ਦੀ ਇੱਛਾ ਨਾ ਰੱਖ ਤੂੰ,
ਭਗਤੀ ਦੇ ਅਹਿਸਾਸ ਬਿਨਾ ਨਹੀਂ ਭਗਤੀ ਹੋਣੀ।

ਦੋਹੇ

❐ ਤੀਰਥ ਸਿੰਘ 'ਦਰਦ' (ਘੁਮਾਣ)

ਤੂੰ ਮਾਲਕ ਦਾਤਾਰ ਤੂੰ ਸਰਬਸ਼ਕਤੀ ਮਾਨ।
ਉਸਤਤਿ ਤੇਰੀ ਲਿਖ ਸਕਾਂ ਦਿਓ ਅੱਖਰਾਂ ਦਾ ਦਾਨ।
ਇਹ ਜੋ ਖ਼ਲਕਤ ਦਿਸ ਰਹੀ ਰੰਗਾ-ਰੰਗ ਆਕਾਰ,
ਤੂੰ ਹੀ ਜਾਣੇ ਕਦੋਂ ਦਾ ਰਚਿਆ ਏ ਸੰਸਾਰ।
ਸਿਫਤ ਤੇਰੀ ਵਿੱਚ ਲਿਖੇ ਹੋਏ ਢੇਰਾਂ ਵੇਦ ਗ੍ਰੰਥ,
ਮਹਿਮਾਂ ਤੇਰੀ ਗਾ ਰਹੇ ਦੁਨੀਆਂ ਵਿੱਚ ਕਈ ਪੰਥ।
ਰਚਨਾ ਸਾਜ ਅਨੰਤ ਤੂੰ ਨੂੰ ਰਿਹਾ ਏਂ ਪਾਲ,
ਹਰ ਜੂਨੀ ਨੂੰ ਉਸ ਦਾ ਭੋਜਨ ਦਏ ਵਿਸ਼ਾਲ।
ਨਾ ਕੋਈ ਦਫ਼ਤਰ ਵਹੀ ਹਿਸਾਬ ਤੇ ਸਭ ਦੇ ਕਰਤਾਰ,
ਕੀਤੇ ਦਾ ਫਲ ਦੇ ਰਿਹੈ ਗਜ਼ਬ ਇਹ ਚਮਤਕਾਰ।
ਕਿਤਨੇ ਲਿਖ ਲਿਖ ਹਾਰ ਗਏ ਮਹਿਮਾਂ ਤੇਰੀ ਬੇਅੰਤ,
ਪਾ ਨਾ ਸਕਿਐ ਥਹਿ ਕੋਈ ਸਭ ਨੇ ਕਿਹਾ ਅਨੰਤ।
ਕਿਤਨੇ ਆਕਾਸ਼ ਪਤਾਲ ਹੈ ਇਹ ਧਰਤੀਆਂ ਬ੍ਰਹਿਮੰਡ,
ਕਰਤਾ ਪੁਰਖ ਆਕਾਲ ਤੂੰ ਆਦਿ ਤੋਂ ਸੱਚਾ ਖੰਡ।
'ਦਰਦ' ਇਹ ਗੁਰੂਆਂ ਪੀਰਾਂ ਦੇ ਲਿਖੇ ਪੜ੍ਹੇ ਵਿਖਿਆਨ,
ਬਾਰ-ਬਾਰ ਇਹ ਦਰਜ਼ ਹੈ ਗੁਰ ਬਿਨ ਹੋਏ ਨਾ ਗਿਆਨ।

(ਪੰਨਾ 24 ਦਾ ਬਾਕੀ ਹਿੱਸਾ)

ਪਹਿਚਾਨ ਹੈ। ਇਕ ਡਾਕਟਰ ਦੀ ਪਹਿਚਾਨ ਉਸ ਦਾ ਸਰੀਰ ਜਾਂ ਲਿਬਾਸ ਨਹੀਂ ਹੁੰਦਾ, ਜੋ ਉਸ ਦੇ ਕੋਲ ਵਿਦਿਆ ਹੁੰਦੀ ਹੈ, ਜੋ ਉਸਦੇ ਕੋਲ ਜਾਣਕਾਰੀ ਹੁੰਦੀ ਹੈ, ਗਿਆਨ ਹੁੰਦਾ ਹੈ, ਉਹੀ ਉਸਦੀ ਪਹਿਚਾਨ ਹੁੰਦੀ ਹੈ। ਇਸੇ ਤਰ੍ਹਾਂ ਜਿਸ ਦੇ ਕੋਲ ਬ੍ਰਹਮਗਿਆਨ ਹੁੰਦਾ ਹੈ, ਜੋ ਪ੍ਰਭੂ ਦਾ ਜਾਣਕਾਰ ਹੁੰਦਾ ਹੈ, ਉਹੀ ਗਿਆਨ ਉਸਦੀ ਪਹਿਚਾਨ ਹੈ। ਜੋ ਸੱਚੇ ਪ੍ਰਮਾਤਮਾ ਨਾਲ ਜੋੜ ਦਿੰਦਾ ਹੈ, ਉਹੀ ਸਤਿਗੁਰੂ ਹੈ।''

ਸਮੇਂ ਅਤੇ ਸਥਿਤੀ ਅਨੁਸਾਰ ਸਤਿਗੁਰੂ ਆਪਣਾ ਸਮਾਂ ਪੂਰਾ ਕਰਕੇ ਅਤੇ ਰਹਿਮਤਾਂ ਦੀ ਬਰਸਾਤ ਕਰਕੇ ਨਿਰੰਕਾਰ ਵਿੱਚ ਲੀਨ ਹੋ ਜਾਂਦਾ ਹੈ। ਸਤਿਗੁਰੂ ਨਿਰੰਕਾਰ ਦਾ ਹੀ ਰੂਪ ਹੁੰਦਾ ਹੈ। ਜਦੋਂ ਇਹ ਆਪ ਚਾਹੁੰਦਾ ਹੈ, ਇਹ ਨਿਰੰਕਾਰ ਵਿੱਚ ਸਮਾ ਜਾਂਦਾ ਹੈ। ਕਿਸੇ ਇਨਸਾਨ ਦੀ ਤਾਕਤ ਨਹੀਂ ਕਿ ਉਹ ਸਤਿਗੁਰੂ ਨੂੰ ਸਰੀਰ ਛੱਡਣ ਲਈ ਮਜ਼ਬੂਰ ਕਰੇ। ਕਈ ਵਾਰ ਇਹ ਅਗਲੇ ਗੁਰੂ ਨੂੰ ਜਿਉਂਦੇ-ਜੀਅ ਗੁਰਗੱਦੀ ਦੇ ਕੇ ਜਾਂਦਾ ਹੈ ਜਾਂ ਸੰਕੇਤ ਛੱਡ ਕੇ ਜਾਂਦਾ ਹੈ। ਇਤਿਹਾਸ ਵਿੱਚ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਨੇ ਨਿਰੰਕਾਰ ਵਿੱਚ ਲੀਨ ਹੋਣ ਤੋਂ ਪਹਿਲਾਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੂੰ ਗੁਰਗੱਦੀ ਦੇ ਕੇ ਗਏ।

ਯੁਗਪੁਰਸ਼ ਬਾਬਾ ਅਵਤਾਰ ਸਿੰਘ ਜੀ ਫਰਮਾਉਂਦੇ ਹਨ ਕਿ ਦੁਆਪਰ ਵਿੱਚ ਨਿਰੰਕਾਰ ਪ੍ਰਭੂ ਨੂੰ ਆਪਣੇ ਮੁੱਖੋਂ ਹੀ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਕਹਿਣਾ ਪਿਆ ਕਿ ਮੈਂ ਅਵਿਨਾਸ਼ੀ ਹਾਂ, ਮੈਂ ਅਟੱਲ ਹਾਂ। ਮੈਨੂੰ ਅੱਗ ਜਲਾ ਨਹੀਂ ਸਕਦੀ, ਸ਼ਸ਼ਤਰ ਕੱਟ ਨਹੀਂ ਸਕਦਾ, ਹਵਾ ਉਡਾ ਨਹੀਂ ਸਕਦੀ ਤੇ ਜਲ ਭਿਉਂ ਨਹੀਂ ਸਕਦਾ। ਅਕਾਲ ਪੁਰਖ ਨਿਰਾਕਾਰ ਪ੍ਰਭੂ ਸਤਿਗੁਰੂ ਦੀ ਦੇਹ ਵਿਚੋਂ ਹੀ ਪ੍ਰਗਟ ਹੁੰਦਾ ਹੈ। ਦੇਹ ਦੁਆਰਾ ਹੀ ਨਿਰਗੁਣ ਸਵਰੂਪ ਦਾ ਗਿਆਨ ਕਰਵਾਉਂਦਾ ਹੈ। ਇਸ ਨਾਮ ਦਾ ਨਿਵਾਸ ਸਤਿਗੁਰੂ ਦੇ ਸਰੀਰ ਵਿੱਚ ਹੀ ਹੁੰਦਾ ਹੈ, ਜੋ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ।

ਸਤਿਗੁਰੂ ਸਰੀਰ ਦਾ ਨਾਮ ਨਹੀਂ ਹੁੰਦਾ, ਗਿਆਨ ਦਾ ਨਾਮ ਹੁੰਦਾ ਹੈ। ਬਾਬਾ ਹਰਦੇਵ ਸਿੰਘ ਜੀ 'ਹਰਦੇਵ ਬਾਣੀ' ਸ਼ਬਦ ਨੰ. 26 ਵਿੱਚ ਫਰਮਾਉਂਦੇ ਹਨ-

ਸਤਿਗੁਰੂ ਦੇਹ ਕਾ ਨਾਮ ਨਹੀਂ ਹੈ ਸਤਿਗੁਰ ਹੋਤਾ ਗਿਆਨ ਹੈ।
ਸਤਿਗੁਰ ਕੋ ਏਕ ਦੇਹ ਸਮਝਨਾ ਭੂਲ ਹੈ ਅਗਿਆਨ ਹੈ।

ਨਿਰੰਕਾਰੀ ਮਹਾਤਮਾ ਸੰਤ ਰੂਪ ਲਾਲ ਜੀ ਨੇ ਬਾਬਾ ਅਵਤਾਰ ਸਿੰਘ ਜੀ ਕੋਲੋਂ ਬ੍ਰਹਮਗਿਆਨ ਦੀ ਦਾਤ ਪ੍ਰਾਪਤ ਕੀਤੀ। ਟਾਇਮ ਬਦਲਿਆ ਬਾਬਾ ਗੁਰਬਚਨ ਸਿੰਘ ਜੀ ਗੁਰੂ ਰੂਪ ਵਿੱਚ ਪ੍ਰਗਟ ਹੋਏ। ਫਿਰ ਸਮਾਂ ਬਦਲਿਆ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੇ ਰੂਪ ਵਿੱਚ ਪ੍ਰਗਟ ਹੋਏ। ਕਿਸੇ ਜਿਗਿਆਸੂ ਨੇ ਰੂਪ ਲਾਲ ਜੀ ਤੋਂ ਪੁੱਛਿਆ ਕਿ ਹੁਣ ਤੱਕ ਤੁਸੀਂ ਕਿੰਨੇ ਗੁਰੂ ਬਦਲ ਲਏ ਹਨ। ਭਾਈ ਸਾਹਿਬ ਰੂਪ ਲਾਲ ਜੀ ਨੇ ਬੜੇ ਸਹਿਜ ਭਾਵ ਨਾਲ ਜਵਾਬ ਦਿੱਤਾ ਕਿ ਮੇਰਾ ਗੁਰੂ ਗਿਆਨ ਹੈ-

ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।

ਮੇਰੇ ਸਤਿਗੁਰੂ ਨੇ ਸਰੀਰ ਦਾ ਚੋਲਾ ਜ਼ਰੂਰ ਬਦਲਿਆ ਹੈ, ਗਿਆਨ ਤਾਂ ਅਨਾਦਿ ਹੈ। ਸ਼ਹਿਨਸ਼ਾਹ ਜੀ ਨੇ ਲਿਖਿਆ ਵੀ ਹੈ-

ਅਵਤਾਰ ਗੁਰੂ ਇਹ ਮਰੇ ਨਾ ਜੰਮੇ ਜੁਗ ਜੁਗ ਇਕੋ ਵੇਸ ਸਦਾ।
(ਸੰ.ਅ.ਬ.ਸ਼.ਨੰ.30)

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਤਿਗੁਰੂ ਸਮੇਂ-ਸਮੇਂ ਇਸ ਧਰਤੀ ਤੇ ਅਵਤਾਰ ਧਾਰਦਾ ਰਿਹਾ ਹੈ, ਨਿਰੰਕਾਰ ਪ੍ਰਭੂ ਦੀ ਲੱਖਤਾ ਕਰਵਾਉਂਦਾ ਰਿਹਾ ਹੈ। ਸਤਿਗੁਰੂ ਨੇ ਕਦੇ ਹੱਦਬੰਦੀਆਂ ਨਹੀਂ ਕੀਤੀਆਂ। ਸਤਿਗੁਰੂ ਸਾਰੇ ਸੰਸਾਰ ਲਈ ਅਵਤਾਰ ਧਾਰਦਾ ਹੈ ਤੇ ਏਕੇ ਦਾ ਪ੍ਰਚਾਰ ਕਰਦਾ ਹੈ ਤੇ ਦਰਗਾਹ ਵਿੱਚ ਗੁਰਸਿੱਖਾਂ ਦੀ ਪਤ ਦਾ ਰਾਖਾ ਹੁੰਦਾ ਹੈ।

(ਪੰਨਾ 15 ਦਾ ਬਾਕੀ ਹਿੱਸਾ)

ਯੁਗਦ੍ਰਿਸ਼ਟਾ ਬਾਬਾ ਹਰਦੇਵ ਸਿੰਘ ਜੀ ਦਾ ਦ੍ਰਿਸ਼ਟੀਕੋਣ ਵਿਸ਼ਵ-ਵਿਆਪੀ ਸੀ। ਉਹ ਸੰਸਾਰ ਭਰ ਦੇ ਸਾਰੇ ਇਨਸਾਨਾਂ ਵਿੱਚ ਆਤਮਿਕ ਏਕਤਾ ਦਾ ਅਹਿਸਾਸ ਜਾਗ੍ਰਿਤ ਕਰਨਾ ਚਾਹੁੰਦੇ ਸਨ ਕਿ ਸਾਰੇ ਇਨਸਾਨ ਪ੍ਰਮਾਤਮਾ ਦੀ ਸਿਰਜਨਾ ਹਨ ਅਤੇ ਪੰਜ ਤੱਤਾਂ ਦੇ ਬਣੇ ਹੋਏ ਹਨ ਅਤੇ ਸਭਨਾਂ ਵਿੱਚ ਇਕ ਹੀ ਪ੍ਰਮਾਤਮਾ ਦਾ ਅੰਸ਼ ਮੌਜੂਦ ਹੈ। ਇਸ ਲਈ ਇਕ ਪ੍ਰਮਾਤਮਾ ਨੂੰ ਜਾਣਨਾ, ਇਕ ਨੂੰ ਹੀ ਮੰਨਣਾ ਅਤੇ ਇਕ ਹੋ ਜਾਣ ਦਾ ਸੰਦੇਸ਼ ਹੀ ਸੰਸਾਰ ਨੂੰ ਦਿੱਤਾ। ਉਨ੍ਹਾਂ ਨੇ ਸਮੁੱਚੇ ਮਾਨਵ ਸਮਾਜ ਨੂੰ ਵੱਖਵਾਦੀ ਭਾਵਨਾ ਦੀਆਂ ਦੀਵਾਰਾਂ ਨੂੰ ਢਾਹ ਕੇ ਆਪਸੀ ਸਾਂਝਾ ਦੇ ਪੁਲ ਉਸਾਰਨ ਦਾ ਉਪਦੇਸ਼ ਦਿੱਤਾ ਅਤੇ ਸ਼ਾਂਤੀਪੂਰਵਕ ਸਹਿ-ਹੋਂਦ ਅਪਨਾਉਣ ਦੀ ਪ੍ਰੇਰਨਾ ਦਿੱਤੀ। ਸੰਨ 2012 ਨੂੰ ਬਰਮਿੰਘਮ ਯੂ.ਕੇ. ਵਿਖੇ ਆਯੋਜਿਤ ਨਿਰੰਕਾਰੀ ਇੰਟਰਨੈਸ਼ਨਲ ਸਮਾਗਮ ਨੂੰ ਅੰਤਰ-ਰਾਸ਼ਟਰੀ ਏਕਤਵ ਸੰਮੇਲਨ ਦਾ ਨਾਂ ਦਿੱਤਾ ਗਿਆ। ਇੰਗਲੈਂਡ ਦੇ ਮਾਨਵ ਸਮਾਜ ਉਤੇ ਇਹ ਕਾਫੀ ਹੱਦ ਤੱਕ ਅਸਰ-ਅੰਦਾਜ਼ ਹੋਇਆ ਅਤੇ ਅੰਗਰੇਜ਼ੀ ਸਮਾਜ ਨੇ ਏਕਤਵ ਦੇ ਜ਼ਜ਼ਬੇ ਨੂੰ ਸਵੀਕਾਰ ਕਰਦਿਆਂ ਸਟਰੀਟ ਸ਼ੋਅ, ਪ੍ਰੇਡ, ਰੇਸ, ਡਾਂਸ ਅਤੇ ਸੰਗੀਤ ਕਾਰਜਾਂ ਵਿੱਚ ਹਰ ਧਰਮ, ਰੰਗ-ਨਸਲ ਅਤੇ ਭਾਸ਼ਾ ਦੇ ਲੋਕ ਬੜੇ ਸ਼ੌਕ ਨਾਲ ਸ਼ਾਮਿਲ ਹੋਏ। ਅੱਜ ਸੰਸਾਰ ਭਰ ਵਿੱਚ ਏਕਤੱਵ ਦੇ ਸੰਕਲਪ ਨੂੰ ਮਨੁੱਖੀ ਕਦਰਾਂ-ਕੀਮਤਾਂ ਨਾਲ ਜੋੜ ਕੇ ਮਾਨਵ ਸੋਚ ਵਿੱਚ ਸਦਭਾਵ ਦਾ ਅਹਿਸਾਸ ਜਾਗ੍ਰਿਤ ਹੋ ਰਿਹਾ ਹੈ।

ਅਸ਼ੀਰਵਾਦ ਕਿਵੇਂ ਪ੍ਰਾਪਤ ਕਰੀਏ !

❒ ਜਸਪ੍ਰੀਤ ਕੌਰ (ਖਮਾਣੋਂ)

ਅਸ਼ੀਰਵਾਦ ਆਪਣੇ ਆਪ ਵਿੱਚ ਇੱਕ ਅਜਿਹਾ ਸ਼ਬਦ ਹੈ ਜਿਸ ਵਿੱਚ ਕਰੋੜਾਂ ਸੁੱਖ ਛੁਪੇ ਹੁੰਦੇ ਹਨ। ਫਿਰ ਚਾਹੇ ਉਹ ਮਾਂ ਦਾ ਅਸ਼ੀਰਵਾਦ ਹੋਵੇ ਜਾਂ ਸਤਿਗੁਰੂ ਦਾ। ਮਾਂ ਦਾ ਅਸ਼ੀਰਵਾਦ ਸਾਡਾ ਲੋਕ ਸੁਖੀ ਕਰ ਦਿੰਦਾ ਹੈ ਅਤੇ ਸਤਿਗੁਰੂ ਦਾ ਅਸ਼ੀਰਵਾਦ ਸਾਡਾ ਲੋਕ ਅਤੇ ਪ੍ਰਲੋਕ ਦੋਵੇਂ ਹੀ ਸੁਹੇਲਾ ਕਰ ਦਿੰਦਾ ਹੈ। ਕੁਲ ਦੁਨੀਆਂ ਦੇ ਸੁੱਖ, ਧਨ-ਦੌਲਤ ਇਕ ਪਾਸੇ ਅਤੇ ਸਤਿਗੁਰੂ ਦਾ ਅਸ਼ੀਰਵਾਦ ਇੱਕ ਪਾਸੇ।

ਹੁਣ ਸਵਾਲ ਇਹ ਹੈ ਕਿ ਅਸ਼ੀਰਵਾਦ ਕਿਵੇਂ ਪ੍ਰਾਪਤ ਕਰੀਏ? ਮਹਾਂਪੁਰਸ਼ਾਂ ਦੀ ਸੰਗਤ ਕਰਕੇ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ ਕਿ ਸਤਿਗੁਰੂ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਲਈ ਇਸ ਦੇ ਗੁਰਸਿੱਖਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਨਾ ਹੋਵੇਗਾ। ਕਿਉਂਕਿ ਗੁਰੂ ਅਤੇ ਗੁਰਸਿੱਖ ਵਿੱਚ ਕੋਈ ਵੀ ਅੰਤਰ ਨਹੀਂ ਹੁੰਦਾ। ਅਵਤਾਰ ਬਾਣੀ ਵਿੱਚ ਲਿਖਿਆ ਹੈ ਕਿ –

ਗੁਰਸਿਖ ਰੂਪ ਗੁਰੂ ਦਾ ਹੁੰਦੇ ਗੁਰ ਤੋਂ ਸਦਕੇ ਜਾਂਦੇ ਨੇ।
ਆਪ ਸਿਮਰਦੇ ਸ੍ਵਾਸ ਸ੍ਵਾਸ ਤੇ ਸਭ ਨੂੰ ਨਾਮ ਜਪਾਂਦੇ ਨੇ।
ਗੁਰਸਿਖਾਂ ਦਾ ਰੂਪ ਧਾਰ ਕੇ ਸਤਿਗੁਰ ਪ੍ਰਗਟ ਹੁੰਦਾ ਏ।
ਸਤਿਗੁਰੂ ਅਪਣਾ ਆਪ ਸਦਾ ਗੁਰਸਿਖਾਂ ਵਿਚ ਸਮੋਂਦਾ ਏ।
(ਸੰ.ਅ.ਬ.ਸ਼.ਨੰ.281)

ਗੁਰਸਿੱਖਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਨਾ ਬਹੁਤ ਹੀ ਸੌਖਾ ਹੈ ਕਿਉਂਕਿ ਉਨ੍ਹਾਂ ਦੇ ਹਿਰਦੇ ਗੁਰੂ ਦੀ ਤਰ੍ਹਾਂ ਹੀ ਕੋਮਲ ਹੁੰਦੇ ਹਨ। ਇਹ ਸਾਡੀ ਥੋੜ੍ਹੀ ਜਿਹੀ ਸੇਵਾ, ਪਿਆਰ ਤੋਂ ਖੁਸ਼ ਹੋ ਕੇ ਗੁਰੂ ਦੇ ਅਸ਼ੀਰਵਾਦ ਰੂਪੀ ਸੁੱਖਾਂ ਦੇ ਭੰਡਾਰੇ ਸਾਡੇ ਲਈ ਖੋਲ੍ਹ ਦਿੰਦੇ ਹਨ। ਇਹਨਾਂ ਦੇ ਮੁੱਖ ਚੋਂ ਨਿਕਲਿਆ ਹਰ ਇਕ ਵਚਨ ਸਾਡੇ ਲਈ ਸੁਖਦਾਈ ਹੁੰਦਾ ਹੈ।

ਚਾਚਾ ਪ੍ਰਤਾਪ ਸਿੰਘ ਜੀ ਕਹਿੰਦੇ ਸਨ ਕਿ ਦਾਸ ਪੈਦਾ ਹੋਇਆ ਹੈ ਸਾਧ ਸੰਗਤ ਦੀ ਸੇਵਾ ਕਰਨ ਲਈ ਅਤੇ ਸਾਧ ਸੰਗਤ ਪੈਦਾ ਹੋਈ ਹੈ ਮੇਰੇ ਤੋਂ ਸੇਵਾ ਲੈਣ ਲਈ। ਇਸ ਲਈ ਸਤਿਗੁਰੂ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਲਈ ਸਾਨੂੰ ਇਸ ਦੇ ਬੱਚਿਆਂ ਦੀ ਸੇਵਾ, ਤਨ, ਮਨ, ਧਨ ਨਾਲ ਕਰਨੀ ਚਾਹੀਦੀ ਹੈ। ਅਸ਼ੀਰਵਾਦ ਪ੍ਰਾਪਤ ਕਰਨ ਲਈ ਵੀ ਸੇਵਾ ਘਰ ਤੋਂ ਸ਼ੁਰੂ ਹੁੰਦੀ ਹੈ। ਨਿਰੰਕਾਰੀ ਰਾਜਮਾਤਾ ਜੀ ਨੇ ਵੀ ਇਸ ਬਾਰੇ ਸਾਨੂੰ ਜਾਗਰੂਕ ਕਰਦਿਆਂ ਫਰਮਾਇਆ ਕਿ 'ਮਾਤਾ-ਪਿਤਾ ਇਸ ਧਰਤੀ ਉਤੇ ਗੁਰੂ ਤੋਂ ਬਾਅਦ ਸਭ ਤੋਂ ਜ਼ਿਆਦਾ ਪੂਜਾ ਅਤੇ ਸੇਵਾ ਦੇ ਹੱਕਦਾਰ ਹਨ। ਜੋ ਬੱਚੇ ਸਵੇਰੇ ਉਠ ਕੇ ਆਪਣੇ ਮਾਤਾ-ਪਿਤਾ ਦੇ ਚਰਨਾਂ ਤੇ ਨਿਮਸਕਾਰ ਕਰਦੇ ਹਨ, ਉਹਨਾਂ ਦੇ ਜੀਵਨ ਵਿੱਚ ਕੋਈ ਘਾਟ ਨਹੀਂ ਰਹਿੰਦੀ। ਇਕ ਜਗਾ ਹੋਰ ਰਾਜਮਾਤਾ ਜੀ ਨੇ ਕਿਹਾ ਸੀ ਕਿ- ਬ੍ਰਹਮਗਿਆਨੀ ਦੇ ਘਰ ਬ੍ਰਹਮਗਿਆਨੀ ਹੀ ਜਨਮ ਲੈਂਦਾ ਹੈ। ਇਸ ਲਈ ਮਹਾਂਪੁਰਸ਼ਾਂ ਦੇ ਬੱਚਿਆਂ ਦਾ ਸਤਿਕਾਰ ਕਰਕੇ ਵੀ ਅਸੀਂ ਉਹਨਾਂ ਦਾ ਅਤੇ ਸਤਿਗੁਰੂ ਦਾ ਅਸ਼ੀਰਵਾਦ ਪ੍ਰਾਪਤ ਕਰ ਸਕਦੇ ਹਾਂ। ਅਸ਼ੀਰਵਾਦ ਹਮੇਸ਼ਾਂ ਮਨ ਤੋਂ ਹੀ ਦਿੱਤਾ ਜਾਂਦਾ ਹੈ ਅਤੇ ਮਨ ਤੋਂ ਹੀ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿੱਚ ਦਿਖਾਵੇ ਲਈ ਕੋਈ ਥਾਂ ਨਹੀਂ ਹੁੰਦੀ। ਕਈ ਵਾਰ ਆਰਥਿਕ ਤੌਰ ਤੇ ਕਮਜ਼ੋਰ ਮਹਾਤਮਾ ਨੂੰ ਲੱਗਦਾ ਹੈ ਕਿ ਉਹ ਕਿਵੇਂ ਸੰਤਾਂ ਦੀ ਸੇਵਾ ਕਰ ਸਕਦਾ ਹੈ। ਜਦੋਂ ਵੀ ਗੁਰੂ ਦਾ ਪਿਆਰਾ ਸੰਤ ਘਰ ਆਉਂਦਾ ਹੈ ਤਾਂ ਪਾਣੀ ਦਾ ਗਿਲਾਸ ਪਿਲਾਇਆ ਹੋਇਆ ਵੀ ਸੌ ਸੁੱਖ ਪ੍ਰਦਾਨ ਕਰ ਦਿੰਦਾ ਹੈ, ਸ਼ਰਤ ਹੈ ਕਿ ਸਾਡੀ ਭਾਵਨਾ ਸਹੀ ਹੋਵੇ। ਕਿਉਂਕਿ ਉਹ ਸੇਵਾ ਉਸ ਮਹਾਂਪੁਰਸ਼ ਨੇ ਨਹੀਂ ਬਲਕਿ ਸਤਿਗੁਰੂ ਨੇ ਪ੍ਰਵਾਨ ਕਰਨੀ ਹੁੰਦੀ ਹੈ। ਸਤਿਗੁਰੂ ਦਾ ਅਸ਼ੀਰਵਾਦ ਤਾਂ ਉਸ ਦੇ ਹੁਕਮ ਵਿੱਚ ਹੀ ਹੁੰਦਾ ਹੈ ਗੁਰੂ ਦੇ ਹੁਕਮ ਨੂੰ ਜਿਉਂ ਦਾ ਤਿਉਂ ਮੰਨ ਲੈਣ ਵਾਲਾ ਗੁਰਸਿੱਖ ਹੀ ਸਤਿਗੁਰੂ ਦੇ ਅਸ਼ੀਰਵਾਦ ਦਾ ਪਾਤਰ ਬਣਦਾ ਹੈ। ਸਤਿਗੁਰੂ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਹੀ ਅਸ਼ੀਰਵਾਦ ਦਾ ਕਾਰਨ ਬਣਦੀਆਂ ਹਨ। ਜੇਕਰ ਗੁਰੂ ਸਾਨੂੰ ਕੋਈ ਸੇਵਾ ਹੀ ਨਾ ਬਖਸ਼ੇ ਤਾਂ ਅਸੀਂ ਅਸ਼ੀਰਵਾਦ ਕਿਵੇਂ ਪ੍ਰਾਪਤ ਕਰ ਸਕਦੇ ਹਾਂ? ਗੁਰਮੱਤ ਦੀ ਮਰਯਾਦਾ ਵਿੱਚ ਰਹਿ ਕੇ ਕੀਤੀ ਗਈ ਸੇਵਾ ਹੀ ਸਤਿਗੁਰੂ ਨੂੰ ਪ੍ਰਵਾਨ ਹੁੰਦੀ ਹੈ। ਸੰਗਤ ਵਿੱਚ ਮਾਇਕ ਅੱਗੇ ਖੜ੍ਹੇ ਹੋ ਕੇ ਬੋਲਣਾ ਵੀ ਇੱਕ ਪ੍ਰਕਾਰ ਦੀ ਸੇਵਾ ਹੀ ਹੈ। ਸਾਨੂੰ ਜਦੋਂ ਵੀ ਅਜਿਹਾ ਮੌਕਾ ਮਿਲਦਾ ਹੈ, ਸਾਨੂੰ ਸਤਿਗੁਰੂ ਦਾ ਸੰਦੇਸ਼ ਹੀ ਸਾਧ ਸੰਗਤ ਨਾਲ ਸਾਂਝਾ ਕਰਨਾ ਚਾਹੀਦਾ ਹੈ ਨਾ ਕਿ ਇਧਰ ਉਧਰ ਦੀ ਕੋਈ ਗੱਲ। ਬਾਬਾ ਗੁਰਬਚਨ ਸਿੰਘ ਜੀ ਨੇ ਆਪਣੀ ਵਿਚਾਰ ਵਿੱਚ ਕਿਹਾ ਸੀ ਕਿ- ਗੁਰਸਿੱਖ ਕਦੇ ਵੀ ਕੋਈ ਸੇਵਾ ਕਿਸੇ ਇੱਛਾ ਦੇ ਅਧੀਨ ਹੋ ਕੇ ਨਹੀਂ ਕਰਦਾ ਬਲਕਿ ਇਹ ਤਾਂ ਉਸ ਦਾ ਸੁਭਾਅ ਹੀ ਬਣ ਜਾਂਦਾ ਹੈ। ਫਿਰ ਸਤਿਗੁਰੂ ਵੀ ਉਸ ਲਈ ਕੋਈ ਘਾਟ ਨਹੀਂ ਛੱਡਦਾ। ਅਵਤਾਰ ਬਾਣੀ ਵਿੱਚ ਇਸ ਗੱਲ ਦਾ ਪ੍ਰਮਾਣ ਹੈ ਕਿ-

ਗੁਰਸਿਖ ਨੂੰ ਨਹੀਂ ਇੱਛਾ ਫਲ ਦੀ ਕਰਮ ਸਦਾ ਨਿਸ਼ਕਾਮ ਕਰੇ।
ਕਹੇ ਅਵਤਾਰ ਇਹੋ ਜਹੇ ਸਿਖ ਦਾ ਸਤਿਗੁਰ ਰੋਸ਼ਨ ਨਾਮ ਕਰੇ।
(ਸੰ.ਅ.ਬ.ਸ਼.ਨੰ.102)

ਮਾਨਵਤਾ ਦੇ ਨਾਂ ਸੰਦੇਸ਼

ਸਭ ਇਸ ਨਿਰੰਕਾਰ ਨਾਲ ਜੁੜੇ ਰਹੀਏ

ਦਿੱਲੀ। ਕਰੋਨਾ ਮਹਾਮਾਰੀ ਨਾਲ ਗ੍ਰਸਤ ਸੰਪੂਰਣ ਮਾਨਵਤਾ ਨੂੰ ਧੀਰਜ ਨਾਲ ਰਹਿਣ ਦਾ ਸੰਦੇਸ਼ ਦੇਂਦੇ ਹੋਏ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਇਕ ਵਿਸ਼ੇਸ਼ ਸੰਦੇਸ਼ ਰਾਹੀਂ ਸਾਰਿਆਂ ਨੂੰ ਸਬਰ ਦੇ ਨਾਲ ਜਿਥੇ ਹੋ, ਉਥੇ ਹੀ ਰਹਿ ਕੇ ਨਿਰੰਕਾਰ ਨਾਲ ਜੁੜੇ ਰਹਿਣ ਲਈ ਕਿਹਾ। ਸਤਿਗੁਰੂ ਮਾਤਾ ਜੀ ਨੇ ਸੰਗਤਾਂ ਨੂੰ ਹਾਲਾਤ ਆਮ ਹੋਣ ਤਕ ਆਤਮ ਨਿਰੀਖਣ ਅਤੇ ਆਤਮ ਸੁਧਾਰ ਤੇ ਕੰਮ ਕਰਨ ਦੀ ਪ੍ਰੇਰਣਾ ਦੇਂਦੇ ਹੋਏ ਕਿਹਾ ਕਿ-

ਸਾਧ ਸੰਗਤ ਆਪ ਜਿਥੇ-ਜਿਥੇ ਵੀ ਹੋ ਅਪਣੀ ਸਿਹਤ ਦਾ ਬਹੁਤ ਹੀ ਧਿਆਨ ਰੱਖ ਰਹੇ ਹੋ। ਇਸ ਅਵਸਥਾ ਵਿਚ ਵੀ ਸਬਰ ਦਾ ਗੁਣ ਅਪਨਾ ਰਹੇ ਹੋ। ਚਾਹੇ ਰੋਜ਼ਮੱਰਾਂ ਦੀ ਜ਼ਿੰਦਗੀ ਸਾਧਾਰਣ ਨਹੀਂ ਹੋ ਪਾ ਰਹੀ ਹੈ ਅਤੇ ਸਾਰੇ ਅਪਣੇ ਘਰ ਤਕ ਹੀ ਸੀਮਿਤ ਹਨ ਫਿਰ ਵੀ ਦਿਲ ਐਨੇ ਵਿਸ਼ਾਲ ਹਨ ਕਿ ਇਸ ਅਵਸਥਾ ਵਿਚ ਵੀ ਖੁਸ਼ ਹਨ। ਅਪਣੇ ਪਰਿਵਾਰ ਵਾਲਿਆਂ ਦੇ ਨਾਲ ਜ਼ਿਆਦਾ ਸਮਾਂ ਬਿਤਾ ਕੇ ਚੰਗੀ ਤਰ੍ਹਾਂ ਇਕ ਦੂਜੇ ਨੂੰ ਜਾਨਣ ਦਾ ਮੌਕਾ ਮਿਲ ਰਿਹਾ ਹੈ। ਦਾਤਾਰ ਕ੍ਰਿਪਾ ਕਰੇ ਕਿ ਜਿਥੇ ਸੰਸਾਰ ਵਿਚ ਸਾਰਿਆਂ ਦੀਆਂ ਆਮ ਗਤੀਵਿਧੀਆਂ ਜਲਦੀ ਵਾਪਿਸ ਆਉਣ ਉਥੇ ਹੀ ਹੁਣ ਅਗਰ ਸਾਹਮਣੇ ਅਜਿਹੀਆਂ ਪ੍ਰਸਤਿਥੀਆਂ ਹਨ ਤਾਂ ਉਸ ਨੂੰ ਵੀ ਅਸੀਂ ਇਕ ਈਸ਼ਵਰੀ ਇੱਛਾ ਦੀ ਤਰ੍ਹਾਂ ਹੀ ਲਈਏ ਕਿ ਦਾਤਾਰ ਨੂੰ ਸ਼ਾਇਦ ਇਹੀ ਮਨਜ਼ੂਰ ਹੋਵੇ ਕਿ ਅਸੀਂ ਅਪਣੇ ਲਈ ਪਹਿਲਾਂ ਜੀਵਨ ਵਿਚ ਐਨਾ ਸਮਾਂ ਨਹੀਂ ਕੱਢ ਪਾ ਰਹੇ ਹੋਵਾਂਗੇ ਤਾਂ ਦਾਤਾਰ ਨੇ ਅਜਿਹਾ ਇਕ ਸਬਬ ਬਣਾ ਦਿੱਤਾ।

ਤਾਂ ਇਸ ਹਾਲ ਵਿਚ ਵੀ ਇਕ ਸ਼ੁਕਰਾਨੇ ਦਾ ਭਾਵ ਜਿਥੇ ਸਭ ਦਾ ਹੈ ਅਤੇ ਅਸੀਂ ਕਿਵੇਂ ਅਪਣੇ ਅੰਦਰ ਸਬਰ ਲਿਆ ਸਕਦੇ ਹਾਂ! ਅਗਰ ਇਕ ਘਰ ਦੇ ਉਸ ਦਾਇਰੇ ਵਿਚ ਹਾਂ ਤਾਂ ਇਹ ਸਮਾਂ ਮਿਲ ਗਿਆ ਹੈ ਇਸ ਨਿਰੰਕਾਰ ਦੇ ਨਾਲ ਜੁੜਨ ਦਾ ਇਹ ਕੰਮ ਕਰਨ ਲਈ ਕਿ ਕਿਵੇਂ ਅਸੀਂ ਅਪਣਾ ਅਤੇ ਆਤਮ ਨਿਰੀਖਣ ਕਰ ਪਾ ਰਹੇ ਹਾਂ। ਕਿਵੇਂ ਅਪਣੇ ਅੰਦਰ ਵਿਚਾਰ ਕਰਕੇ ਕਿ ਅਸੀਂ ਅਪਣੇ ਅੰਦਰ ਕੀ ਸੁਧਾਰ ਲਿਆਉਣਾ ਹੈ? ਕਿਵੇਂ ਚਿੜਚਿੜੇਪਨ ਨੂੰ ਹਟਾ ਕੇ ਮਨ ਨੂੰ ਖੂਬਸੂਰਤ ਅਤੇ ਪੱਕਾ ਕਰਨਾ ਹੈ, ਇਸ ਵਿਸ਼ਵਾਸ ਦੇ ਨਾਲ ਕਿ ਇਹ ਸਥਿਤੀ ਵੀ ਜਲਦੀ ਹੀ ਠੀਕ ਹੋ ਜਾਣੀ ਹੈ ਅਤੇ ਅਸੀਂ ਫਿਰ ਮਿਲ-ਜੁਲ ਕੇ ਸਤਿਸੰਗ ਕਰ ਸਕਾਂਗੇ। ਉਦੋਂ ਤਕ ਦਾਤਾਰ ਸਾਰਿਆਂ ਨੂੰ ਸਬਰ ਬਖਸ਼ੇ।

ਇਕ ਬਹੁਤ ਹੀ ਬੁੱਧੀਮਾਨ ਵਿਅਕਤੀ ਸੀ। ਉਹ ਸੋਚਦਾ ਸੀ ਕਿ ਮੈਂ ਐਨਾ ਬੁੱਧੀਮਾਨ ਹਾਂ ਫਿਰ ਵੀ ਉਹ ਕੀ ਚੀਜ਼ ਹੈ ਜੋ ਮੈਨੂੰ ਹੇਠਾਂ ਵਲ ਖਿੱਚ ਰਹੀ ਹੈ। ਉਸ ਨੂੰ ਸਮਝ 'ਚ ਆਇਆ ਕਿ ਉਸ ਵਿਚ ਸਬਰ ਦੀ ਕਮੀ ਹੈ ਅਤੇ ਉਹ ਕਿਸੇ ਦੇ ਛੋਟੀ ਤੋਂ ਛੋਟੀ ਗੱਲ ਕਹਿਣ ਤੇ ਵੀ ਐਨਾ ਪ੍ਰੇਸ਼ਾਨ ਹੋ ਜਾਂਦਾ ਸੀ। ਉਸਦੇ ਸਮਾਧਾਨ ਦੇ ਰੂਪ ਵਿਚ ਉਸਨੇ ਅਪਣੇ ਆਪਨੂੰ ਇਕ ਅਜਿਹੇ ਘਰ ਵਿਚ ਸ਼ਿਫਟ ਕਰ ਦਿੱਤਾ ਜੋ ਬਿਲਕੁਲ ਹੀ ਦੂਰ ਸੀ ਜਿਥੇ ਉਸਦੇ ਆਸ-ਪਾਸ ਕੋਈ ਨਹੀਂ ਸੀ। ਸੱਤ ਸਾਲ ਦੇ ਬਾਦ ਇਕ ਵਿਅਕਤੀ ਉਸਦੇ ਘਰ ਅੱਗਿਓਂ ਲੰਘਿਆ ਅਤੇ ਪ੍ਰਸ਼ਨ ਕੀਤਾ ਕਿ ਆਪ ਐਨਾ ਅਲਗ ਕਿਉਂ ਰਹਿ ਰਹੇ ਹੋ? ਤਾਂ ਜਵਾਬ ਵਿਚ ਉਸਨੇ ਕਿਹਾ ਕਿ ਮੈਂ ਕਿਸੇ ਨਾਲ ਮਿਲਦਾ ਹਾਂ, ਗੱਲ ਕਰਦਾ ਹਾਂ ਤਾਂ ਮੇਰੇ ਅੰਦਰ ਗੁੱਸਾ ਆ ਜਾਂਦਾ ਹੈ ਜਾਂ ਮੇਰੇ ਮੁਤਾਬਿਕ ਚੀਜ਼ ਨਹੀਂ ਹੁੰਦੀ ਤਾਂ ਇਕ ਚਿੜਚਿੜਾਪਨ ਆ ਜਾਂਦਾ ਹੈ, ਮੈਂ ਬੁੱਧੀਮਾਨ ਹਾਂ ਇਸਲਈ ਮੈਂ ਚਿੜਚਿੜੇਪਨ ਨੂੰ ਦੂਰ ਕਰਨ ਲਈ ਲੋਕਾਂ ਤੋਂ ਐਨਾ ਦੂਰ ਰਹਿਣਾ ਸ਼ੁਰੂ ਕਰ ਦਿੱਤਾ ਹੈ। ਉਸ ਵਿਅਕਤੀ ਨੇ ਸੋਚਿਆ ਕਿ ਇਸਨੇ ਅਪਣੀ ਕਮੀ ਨੂੰ ਦੂਰ ਕਰਨ ਦੇ ਲਈ ਇਹ ਇਕਾਂਤ ਵਿਚ ਰਹਿਣ ਦਾ ਉਪਾਅ ਸੋਚਿਆ।

ਇਥੇ ਸਬਰ ਦੀ ਗੱਲ ਹੈ ਕਿ ਸਬਰ ਨਹੀਂ ਹੈ ਦੂਜੇ ਦੀ ਗੱਲ ਸੁਨਣ ਦਾ। ਐਨੇ ਸਾਲਾਂ ਬਾਅਦ ਵੀ ਉਹ ਆਦਤ ਕਾਇਮ ਰਹੀ, ਐਨਾ ਜਤਨ ਕਰਨ ਤੇ ਵੀ ਉਸ ਨੇ ਕੁਝ ਹਾਸਿਲ ਨਹੀਂ ਕੀਤਾ। ਦਾਤਾਰ ਕ੍ਰਿਪਾ ਕਰੇ ਕਿ ਜੋ ਵੀ ਸਾਡੀਆਂ ਪ੍ਰਸਥਿਤੀਆਂ ਹਨ ਤਾਂ

ਦੁਨੀਆ ਵਿਚ ਹੀ ਵਿਚਰਣ ਕਰਨਾ ਹੈ। ਇਸ ਸਮੇਂ ਇਕ ਘਰ ਰੂਪੀ ਦੁਨੀਆ ਜੋ ਬਣ ਗਈ ਹੈ ਉਸੀ ਵਿਚ ਹੀ ਸਭ ਦੇ ਨਾਲ ਨਿਭਾਉਂਦੇ ਚਲੇ ਜਾਈਏ।

ਇਵੇਂ ਹੀ ਇਕ ਫੋਟੋਗ੍ਰਾਫਰ ਨੇ ਬਹੁਤ ਹੀ ਖੂਬਸੂਰਤ ਫੋਟੋ ਖਿੱਚੀ ਤਾਂ ਉਸ ਦੇ ਚੇਲੇ ਨੇ ਪੁਛਿਆ ਕਿ ਐਨੀ ਚੰਗੀ ਫੋਟੋ ਕਿਵੇਂ ਖਿੱਚੀ? ਅੱਗਿਓਂ ਉਹ ਇਹੀ ਕਹਿੰਦਾ ਹੈ ਕਿ ਮੈਂ ਬਹੁਤ ਹੀ ਸਬਰ ਰੱਖਿਆ। ਪੂਰਾ ਇਕ ਸਾਲ ਮੈਂ ਦੇਖਦਾ ਰਿਹਾ ਕਿ ਸੂਰਜ ਨਿਕਲਣ ਅਤੇ ਸੂਰਜ ਡੁੱਬਣ ਦੇ ਕਿਹੜੇ ਦਿਨ ਕਿਹੜੇ ਮਹੀਨੇ ਸਭ ਤੋਂ ਸੁੰਦਰ ਹਨ ਅਤੇ ਅਗਲੇ ਸਾਲ ਠੀਕ ਉਸੀ ਦਿਨ ਦੇ ਆਸਪਾਸ ਫਿਰ ਇਕ ਹਫ਼ਤਾ ਨਿਰੀਖਣ ਕੀਤਾ ਅਤੇ ਫਿਰ ਜਾ ਕੇ ਮੈਨੂੰ ਉਹ ਦ੍ਰਿਸ਼ ਮਿਲਿਆ, ਉਸਨੂੰ ਮੈਂ ਅਪਣੇ ਕੈਮਰੇ ਵਿਚ ਕੈਦ ਕੀਤਾ। ਚੇਲੇ ਨੂੰ ਉਮੀਦ ਸੀ ਕਿ ਇਸ ਵਿਸ਼ੇ ਵਿਚ ਕੋਈ ਤਕਨੀਕੀ ਉਤੱਰ ਮਿਲੇ ਗਾ। ਲਾਇਟਿੰਗ ਜਾਂ ਕੈਮਰੇ ਵਿਚ ਫੰਕਸ਼ਨ ਫੀਚਰ ਦੇ ਬਾਰੇ ਵਿਚ ਕੁਝ ਸਿਖਣ ਨੂੰ ਮਿਲੇਗਾ ਪਰ ਸਿਰਫ ਸਬਰ ਸਾਲ ਤੋਂ ਉਪਰ ਦਾ ਇਕ ਫੋਟੋ ਦੇ ਲਈ। ਇੰਜ ਹੀ ਸਬਰ ਅੱਜ ਕਲ ਸਾਡੇ ਜੀਵਨ ਵਿਚ ਸਭ ਤੋਂ ਮਹੱਤਵਪੂਰਣ ਬਣ ਗਿਆ ਹੈ। ਬਿਨਾ ਸਬਰ ਦੇ ਅਸੀਂ ਅਪਣੇ ਆਪਨੂੰ ਨਿਭਾ ਨਹੀਂ ਸਕਾਂਗੇ।

ਚਾਹੇ ਸੁਣਨ ਵਿਚ ਇਕ ਛੋਟਾ ਸ਼ਬਦ ਹੈ ਸਬਰ, ਪਰ ਜਦ ਅਸੀਂ ਇਸ ਦਾਤਾਰ ਦੇ ਨਾਲ ਜੋੜ ਕੇ ਅਪਣੇ ਅੰਦਰ ਇਕ ਸ਼ਾਂਤੀ ਲਿਆ ਕੇ ਵਿਚਰਦੇ ਹਾਂ ਤਾਂ ਫਿਰ ਕੋਈ ਵੀ ਸਥਿਤੀ ਹੋਵੇ ਉਸ ਵਿਚ ਅਸੀਂ ਬਹੁਤ ਹੀ ਖੂਬਸੂਰਤੀ ਨਾਲ ਗੁਜਰਦੇ ਹਾਂ। ਇਸ ਕੋਰੋਨਾ ਵਾਇਰਸ ਨੂੰ ਵੀ ਜਿੰਨੇ ਦਿਨ ਲਗਦੇ ਹਨ ਕਿਸੇ ਦੇਸ਼ ਵਿਚ ਲਾਕਡਾਉਨ ਦਾ ਸਮਾਂ ਅਲਗ ਹੈ, ਕਿਸੇ ਦਾ ਅਲਗ ਹੈ ਤਾਂ ਨਿਯਮਾਂ ਦਾ ਸਭ ਚੰਗੀ ਤਰ੍ਹਾਂ ਪਾਲਨ ਕਰ ਰਹੇ ਹਨ ਚਾਹੇ ਉਹ ਸੋਸ਼ਲ ਡਿਸਟੇਸਿੰਗ ਹੋਵੇ ਜਾਂ ਹੋਰ ਸਾਵਧਾਨੀਆਂ ਹੋਣ।

ਅਸੀਂ ਉਸ ਤਰ੍ਹਾਂ ਹੀ ਅਪਣਾ ਇਕ ਪ੍ਰਮਾਣ ਦੇਈਏ ਕਿ ਕਿਵੇਂ ਮਰਯਾਦਿਤ ਰੂਪ 'ਚ ਅਸੀਂ ਜਿਥੇ ਇਕ ਚੰਗੇ ਗੁਰਸਿੱਖ ਹਾਂ ਅਤੇ ਜੋ ਭਗਤਾਂ ਦਾ ਗੁਣ ਹੁੰਦਾ ਹੈ, ਉਸ ਗੁਣ ਵਿਚ ਰਹਿਣਾ ਹੈ। ਹਰ ਇਕ ਨੇ ਸਿਹਤ ਦੇ ਪ੍ਰਤੀ ਵੀ ਲਾਹਪ੍ਰਵਾਹ ਨਹੀਂ ਹੋਣਾ। ਅਸੀਂ ਅਪਣੇ ਆਪਨੂੰ ਉਸੀ ਤਰ੍ਹਾਂ ਨਿਭਾਣਾ ਹੈ ਜਿਸ ਤਰ੍ਹਾਂ ਇਕ ਉਹ ਭਗਤੀ ਭਰਿਆ ਅਤੇ ਇਕ ਨਿਮਰਤਾ ਪੂਰਵਕ ਉਹ ਜੀਵਨ ਹੈ ਅਤੇ ਜੋ ਹੁਣ ਸਮਾਂ ਘਰਾਂ ਵਿਚ ਮਿਲ ਰਿਹਾ ਹੈ ਉਸ ਵਿਚ ਜਿਥੇ ਕਾਫੀ ਆਪ ਸਭ ਮਹਾਤਮਾ ਘਰ ਵਿਚ ਹੀ ਕੰਮ ਵੀ ਸ਼ੁਰੂ ਕਰ ਚੁੱਕੇ ਹੋਵੋਗੇ ਜਾਂ ਫਿਰ ਕੋਈ ਨਾ ਕੋਈ ਇਹ ਵੀ ਪਤਾ ਲਗ ਰਿਹਾ ਹੈ ਕਿ ਕੋਈ ਨਵਾਂ ਹੁਨਰ ਜੋ ਦਾਤਾਰ ਨੇ ਬਖਸ਼ਿਆ ਹੈ ਸ਼ਾਇਦ ਕੁਝ ਸਮੇਂ ਤੋਂ ਉਸਦੀ ਪ੍ਰੈਕਟਿਸ ਕਰਨ ਦਾ ਸਮਾਂ ਨਹੀਂ ਮਿਲ ਰਿਹਾ ਸੀ ਤਾਂ ਉਸ ਨੂੰ ਵੀ ਸਭ ਕਲਾ ਰੂਪ ਵਿਚ ਕਰ ਰਹੇ ਹਨ।

ਦਾਤਾਰ ਕ੍ਰਿਪਾ ਕਰੇ ਕਿ ਭਗਤੀ ਭਰਿਆ ਜੀਵਨ ਅਜਿਹਾ ਬਣ ਜਾਏ ਕਿ ਕਲਾ ਫਿਰ ਭਗਤੀ ਬਣ ਜਾਏ। ਹਰ ਪਲ ਜੀਵਨ ਦਾ, ਹਰ ਬੋਲ ਜੋ ਮੂੰਹ ਚੋਂ ਨਿਕਲੇ, ਹਿਰਦੇ ਦੇ ਉਹ ਸਾਰੇ ਭਾਵ ਭਗਤੀ ਤੇ ਹੀ ਆਧਾਰਤ ਹੋਣ। ਸੇਵਾ, ਸਿਮਰਨ, ਸਤਿਸੰਗ ਤੇ ਆਧਾਰਤ ਜੋ ਕੁਝ ਵੀ ਅਸੀਂ ਕਰੀਏ ਉਹ ਸਾਡੇ ਜੀਵਨ ਵਿਚ ਆਪਣੇ ਆਪ ਦੇ ਸੁਧਾਰ ਲਈ ਹੋਵੇ। ਜਦ ਤਕ ਇਹ ਗੱਲ ਮੰਨਾਂਗੇ ਨਹੀਂ ਅਤੇ ਇਹ ਸੋਚਾਂਗੇ ਕਿ ਅਗਰ ਅੱਜ ਇੰਟਰਨੈਟ ਤੇ ਕੋਈ ਪ੍ਰਵਚਨ ਜਾਂ ਕੋਈ ਗੀਤ, ਭਜਨ ਸੁਨਣਾ ਹੈ ਤਾਂ ਇਹ ਸਾਡੇ ਲਈ ਨਹੀਂ ਹੈ, ਇਹ ਤਾਂ ਕਿਸੇ ਹੋਰ ਦੇ ਲਈ ਹੈ, ਗਲਤ ਹੈ ਕਿਉਂਕਿ ਇਕ-ਇਕ ਵਚਨ ਅਸੀਂ ਅਪਣੇ ਸੁਧਾਰ ਕਰਨ ਦੇ ਲਈ ਹੀ ਸੁਨਣਾ ਹੈ, ਅਪਣੇ ਲਈ ਹੀ ਮੰਨ ਕੇ ਚਲਣਾ ਹੈ।

ਦਾਤਾਰ ਸਭ ਤੇ ਕ੍ਰਿਪਾ ਕਰੇ, ਜਿਥੇ ਹੁਣ ਇਹ ਸਥਿਤੀ ਜਲਦੀ ਖੁਲੇ ਵੀ ਅਤੇ ਫਿਰ ਟੂਰ ਲੱਗਣ ਅਤੇ ਆਪ ਦੇ ਦਾਸੀ ਦਰਸ਼ਨ ਕਰਨ ਲਈ ਬਹੁਤ ਸਮੇਂ ਤੋਂ ਇੰਤਜ਼ਾਰ ਕਰ ਰਹੀ ਹੈ। ਬਾਕੀ ਗਤੀਵਿਧੀਆਂ ਵੀ ਪ੍ਰਬੰਧਕੀ ਰੂਪ ਨਾਲ ਜਲਦੀ ਹੀ ਦੁਬਾਰਾ ਸ਼ੁਰੂ ਹੋ ਜਾਣ। ਇਹ ਵਾਇਰਸ ਵਾਲੀ ਸਥਿਤੀ ਇਹ ਜੋ ਵੀ ਹੈ, ਹੁਣ ਜਲਦੀ ਤੋਂ ਜਲਦੀ ਪੂਰੀ ਮਾਨਵਤਾ ਦੇ ਲਈ ਠੀਕ ਹੋ ਜਾਏ। ਜਿਥੇ ਸੇਵਾਵਾਂ ਅਰਪਣ ਕਰ ਰਹੇ ਹਾਂ ਜਿਸ ਰੂਪ ਵਿਚ ਵੀ ਉਹ ਬਹੁਤ ਹੀ ਸੰਭਲ ਕੇ ਬਹੁਤ ਹੀ ਸਾਵਧਾਨੀ ਨਾਲ ਕਰ ਰਹੇ ਹਾਂ ਅਤੇ ਜੋ ਕਿਸੇ ਵਜ੍ਹਾ ਨਾਲ ਅਪਣੇ ਘਰਾਂ ਦੇ ਅੰਦਰ ਹੀ ਹਨ ਉਹ ਇਹ ਨਾ ਮੰਨਣ ਕਿ ਅਸੀਂ ਮੈਦਾਨ 'ਚ ਉਤਰ ਨਹੀਂ ਪਾ ਰਹੇ ਹਾਂ, ਇਸ ਸਮੇਂ ਉਨ੍ਹਾਂ ਦਾ ਘਰਾਂ ਵਿਚ ਰਹਿਣਾ ਹੀ ਭਗਤੀ ਹੈ।

ਸਭ ਇਸ ਨਿਰੰਕਾਰ ਨਾਲ ਜੁੜੇ ਰਹਿਣ। ਜਿੰਨਾ ਸਿਮਰਨ ਕਰਨ ਦਾ ਸਮਾਂ ਹੁਣ ਮਿਲ ਰਿਹਾ ਹੈ ਉਸਨੂੰ ਪੂਰੀ ਤਰ੍ਹਾਂ ਨਾਲ ਇਸਤੇਮਾਲ ਕਰਨ।

ਜ਼ਰੂਰੀ ਸੂਚਨਾ

ਦੇਸ਼ ਵਿੱਚ ਲਾਕਡਾਊਨ ਹੋਣ ਕਾਰਣ ਨਿਰੰਕਾਰੀ ਪੱਤਰ-ਪਤ੍ਰਿਕਾਵਾਂ ਦੀ ਛਪਾਈ ਅਤੇ ਡਿਸਪੈਚ ਅਪ੍ਰੈਲ 2020 ਤੋਂ ਨਹੀਂ ਹੋ ਪਾ ਰਹੀ ਹੈ। ਇਸ ਕਾਰਣ ਸਾਰੀਆਂ ਪੱਤਰ-ਪਤ੍ਰਿਕਾਵਾਂ (ਹੰਸਤੀ ਦੁਨੀਆ, ਏਕ ਨਜ਼ਰ ਅਤੇ ਸੰਤ ਨਿਰੰਕਾਰੀ) ਅਜੇ *nirankari.org* ਤੇ *E-magazine* ਦੇ ਰੂਪ ਵਿੱਚ ਹੀ ਪੜੀਆਂ ਜਾ ਸਕਦੀਆਂ ਹਨ। ਹਾਲਾਤ ਠੀਕ ਹੁੰਦਿਆਂ ਹੀ ਇਨ੍ਹਾਂ ਪਤ੍ਰਿਕਾਵਾਂ ਦਾ ਵਿਧੀਵਤ ਪ੍ਰਕਾਸ਼ਨ ਸ਼ੁਰੂ ਕਰ ਦਿੱਤਾ ਜਾਵੇਗਾ। ਇਸਲਈ ਪਾਠਕਾਂ ਨੂੰ ਬੇਨਤੀ ਹੈ ਕਿ ਪਤ੍ਰਿਕਾ ਨਾ ਪਹੁੰਚਣ ਬਾਰੇ ਕਿਸੀ ਤਰ੍ਹਾਂ ਦੀ ਸ਼ਿਕਾਇਤ ਅਤੇ ਪੁੱਛ-ਗਿੱਛ ਨਾ ਕੀਤੀ ਜਾਏ। ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜਿੰਨੇ ਮਹੀਨੇ ਪਤ੍ਰਿਕਾ ਆਪ ਤੱਕ ਨਹੀਂ ਪਹੁੰਚੇਗੀ ਓਨੇ ਮਹੀਨੇ ਆਪਦੀ ਮੈਂਬਰਸ਼ਿਪ ਰਾਸ਼ੀ (ਚੰਦਾ) ਅੱਗੇ ਵਧਾ ਦਿੱਤਾ ਜਾਵੇਗਾ।

– ਪ੍ਰਬੰਧ ਸੰਪਾਦਕ, ਪਤ੍ਰਿਕਾ ਵਿਭਾਗ

ਨਰ ਸੇਵਾ ਨਾਰਾਇਣ ਪੂਜਾ

ਸਮੇਂ ਅਨੁਸਾਰ ਸਿਹਤਮੰਦ ਪ੍ਰਸਥਿਤੀਆਂ ਵਿਚ ਮਿਸ਼ਨ ਦੇ ਸੇਵਾਦਾਰਾਂ ਦਾ ਬਹੁ-ਕੀਮਤੀ ਯੋਗਦਾਨ

ਨਾ ਥਕਨਾ ਹੈ, ਨਾ ਰੁਕਨਾ ਹੈ

ਅੱਜ ਦੇ ਇਸ ਦੌਰ ਵਿੱਚ ਜਦੋਂ ਅਸੀਂ ਵੈਸ਼ਿਵਕ ਮਹਾਮਾਰੀ ਕੋਰੋਨਾ ਨਾਲ ਜੂਝ ਰਹੇ ਹਾਂ, ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੇ ਪਾਵਨ ਵਚਨ ਸਾਨੂੰ ਵਿਪਰੀਤ ਪ੍ਰਸਥਿਤੀਆਂ ਦਾ ਸਾਹਮਣਾ ਸੇਵਾ ਭਾਵ ਅਤੇ ਸੰਯਮ ਨਾਲ ਰਹਿਣ ਦਾ ਹੌਸਲਾ ਦੇ ਰਹੇ ਹਨ। ਇਸ ਹੌਸਲੇ ਦੇ ਨਾਲ ਨਾ ਥਕਣਾ ਹੈ, ਨਾ ਰੁਕਣਾ ਹੈ, ਦਾ ਜ਼ਜ਼ਬਾ ਲੈ ਕੇ ਮਿਸ਼ਨ ਦੇ ਸੇਵਾਦਾਰ ਮਾਨਵਤਾ ਦੀ ਸੇਵਾ ਵਿੱਚ ਮਹੱਤਵਪੂਰਣ ਯੋਗਦਾਨ ਦੇ ਰਹੇ ਹਨ।

ਸੰਤ ਨਿਰੰਕਾਰੀ ਮਿਸ਼ਨ ਅਪਣੀਆਂ 3000 ਤੋਂ ਜ਼ਿਆਦਾ ਬ੍ਰਾਂਚਾਂ ਅਤੇ 95 ਜ਼ੋਨਲ ਦਫ਼ਤਰਾਂ ਦੇ ਮਾਧਿਯਮ ਨਾਲ ਦੇਸ਼ ਭਰ ਵਿਚ ਰੋਜ਼ਾਨਾ ਹਜ਼ਾਰਾਂ ਲੋਕਾਂ ਨੂੰ ਸੁੱਕਾ ਰਾਸ਼ਨ ਅਤੇ ਲੰਗਰ ਉਪਲੱਭਧ ਕਰਾ ਰਿਹਾ ਹੈ। ਫੇਸ ਮਾਸਕ ਅਤੇ ਸੈਨੇਟਾਇਜਰ, ਪੀ.ਪੀ.ਈ. ਕਿਟਸ ਆਦਿ ਉਪਲੱਭਧ ਕਰਵਾਉਣ ਦੇ ਹਰ ਸੰਭਵ ਜਤਨ ਕੀਤੇ ਜਾ ਰਹੇ ਹਨ, ਜਿਸਦੀ ਚਾਰੋਂ ਪਾਸੇ ਸ਼ਲਾਘਾ ਹੋ ਰਹੀ ਹੈ।

ਇਸ ਸਮੇਂ ਲੱਖਾਂ ਲੋਕ ਕੋਰੋਨਾ ਮਹਾਮਾਰੀ ਦੀ ਚਪੇਟ ਵਿੱਚ ਹਨ। ਇਸ ਤੋਂ ਬਚਾਵ ਦੇ ਉਪਾਅ ਖੋਜਣ

ਵਿੱਚ ਵੱਡੇ-ਵੱਡੇ ਵਿਗਿਆਨਕ ਅਤੇ ਸ਼ੋਧਕਰਤਾ ਦਿਨ-ਰਾਤ ਲੱਗੇ ਹੋਏ ਹਨ। ਮੈਡੀਕਲ ਸੇਵਾ ਵਿੱਚ ਲੱਗੇ ਡਾਕਟਰ, ਸਿਹਤ ਅਤੇ ਸਫ਼ਾਈ ਕਰਮੀ ਮਿਸ਼ਨ ਦੇ ਸੇਵਾਦਾਰ, ਜਾਨ ਨੂੰ ਜੋਖਮ ਵਿੱਚ ਪਾ ਕੇ ਆਪਣਾ ਉਤੱਮ ਯੋਗਦਾਨ ਦੇਣ ਦਾ ਜਤਨ ਕਰ ਰਹੇ ਹਨ। ਪੁਲੀਸ ਦੇ ਲੋਕ ਵੀ ਵਿਵਸਥਾ ਬਣਾਈ ਰੱਖਣ ਵਿੱਚ ਯੋਗਦਾਨ ਦੇ ਰਹੇ ਹਨ। ਨਿਸ਼ਚਿਤ ਹੈ ਕਿ ਹਰ ਸ਼ਾਮ ਦੇ ਅੱਗੇ ਸਵੇਰੇ ਦਾ ਉਜਾਲਾ ਹੈ, ਇਹ ਵਕਤ ਵੀ ਹਮੇਸ਼ਾ ਰਹਿਣ ਦੇ ਲਈ ਨਹੀਂ ਆਇਆ ਹੈ, ਇਹ ਵਕਤ ਵੀ ਗੁਜ਼ਰ ਜਾਵੇਗਾ।

ਸੰਤ ਮਹਾਤਮਾ ਗਿਆਨ ਦੀ ਦ੍ਰਿਸ਼ਟੀ ਨਾਲ ਦੇਖ ਕੇ ਅਤੇ ਸਮਝ ਨਾਲ ਕੰਮ ਕਰਦੇ ਹਨ ਅਤੇ ਇਹ ਸਵੀਕਾਰ ਕਰਦੇ ਹਨ ਕਿ ਵਿਧੀ ਦਾ ਵਿਧਾਨ ਅਟਲ ਹੈ। ਮਹਾਤਮਾ ਇਹੀ ਕਹਿੰਦੇ ਹਨ ਕਿ- ਜੋ ਕੁਝ ਹੋ ਰਿਹਾ ਹੁੰਦਾ ਹੈ ਉਹ ਅਨਹੋਣੀ ਨਹੀਂ, ਹੋਣੀ ਹੀ ਹੁੰਦੀ ਹੈ- 'ਹੋਨੀ ਹੈ ਸੋ ਹੋ ਰਹੇ, ਅਨਹੋਨੀ ਨਾ ਹੋਏ।'

ਸਤਿਗੁਰੂ ਦਾ ਸਹਾਰਾ ਹਰ ਅਵਸਰ ਤੇ ਸਭ ਤੋਂ ਵੱਡਾ ਸਹਾਰਾ ਹੈ। ਕਿਸ਼ਤੀ ਮਝਧਾਰ ਵਿੱਚ ਹੋਵੇ ਅਤੇ ਭਿਆਨਕ ਤੂਫਾਨ ਆ ਜਾਵੇ ਤਾਂ ਕਿਸ਼ਤੀ ਚਲਾ ਰਹੇ ਨਾਵਿਕ ਤੇ ਭਰੋਸਾ ਰੱਖਣਾ ਹੋਰ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ। ਭਵਸਾਗਰ ਦੀਆਂ ਲਹਿਰਾਂ ਉਚੀਆਂ ਹਨ ਪਰ ਸਾਡੇ ਨਾਲ ਸਤਿਗੁਰੂ ਖੁਦ ਹੈ, ਇਹ ਸਭ ਦੇ ਰੱਖਸ਼ਕ ਹਨ, ਇਨ੍ਹਾਂ ਦਾ ਸਹਾਰਾ ਲੈ ਕੇ ਇਕ-ਦੂਜੇ ਦੀ ਮਦਦ ਕਰਨ ਦੇ ਲਈ ਅੱਗੇ ਜਾਣਾ ਹੈ।

ਮਾਨਵ ਮਾਤਰ ਦੀ ਸੇਵਾ

ਸੰਤਾਂ ਦੇ ਮਨ ਵਿੱਚ ਸਰਵਹਿਤ ਦੀ ਗੱਲ ਹੁੰਦੀ ਹੈ-

ਸੰਤਨ ਦੇ ਮਨ ਰਹਿਤ ਹੈ ਸਭ ਕੇ ਹਿਤ ਕੀ ਬਾਤ।
ਘਟਿ-ਘਟਿ ਦੇਖੇ ਅਲਖ ਕੌ ਪੂਛੇ ਜਾਤ ਨ ਪਾਤ।

ਇਹ ਸਭ ਨੂੰ ਪਤਾ ਹੈ ਕਿ ਸੰਤ ਨਿਰੰਕਾਰੀ ਮਿਸ਼ਨ ਸ਼ੁਰੂ ਤੋਂ ਹੀ ਮਾਨਵ ਮਾਤਰ ਦੇ ਅਧਿਆਤਮਿਕ ਉਤਥਾਨ ਦੇ ਨਾਲ-ਨਾਲ ਸਮਾਜਿਕ ਉਤਥਾਨ ਦੇ ਲਈ ਕੰਮ ਕਰਦਾ ਆਇਆ ਹੈ। 1947 ਵਿੱਚ ਦੇਸ਼ ਦੀ ਵੰਡ ਦੇ ਸਮੇਂ ਜਦੋਂ ਬਾਬਾ ਅਵਤਾਰ ਸਿੰਘ ਜੀ ਪੇਸ਼ਾਵਰ ਤੋਂ ਦਿੱਲੀ ਆਏ, ਉਦੋਂ ਉਨ੍ਹਾਂ ਨੇ ਪਰੇਸ਼ਾਨੀਆਂ ਨਾਲ ਜੂਝ ਰਹੇ ਨਿਰੰਕਾਰੀ ਭਗਤਾਂ ਨੂੰ ਜਿਥੇ ਅਧਿਆਤਮਿਕ ਰੂਪ ਨਾਲ ਮਜ਼ਬੂਤੀ ਪ੍ਰਦਾਨ ਕੀਤੀ ਉਥੇ ਉਨ੍ਹਾਂ ਦੀ ਆਰਥਿਕ, ਸਮਾਜਿਕ ਸੱਮਸਿਆਵਾਂ ਦਾ ਵੀ

ਸਮਾਧਾਨ ਕਰਦੇ ਰਹੇ। ਉਨ੍ਹਾਂ ਦੀ ਉਦਾਰਤਾ ਅਜਿਹੀ ਸੀ ਕਿ ਨਿੰਦਕਾਂ ਨੂੰ ਵੀ ਠੰਡਾ ਪਾਣੀ ਪਿਲਾ ਕੇ ਠੰਡਕ ਦੇਂਦੇ ਸਨ। ਬਾਅਦ ਵਿੱਚ ਬਾਬਾ ਗੁਰਬਚਨ ਸਿੰਘ ਜੀ ਨੇ ਸਮਾਜਿਕ ਉਤਥਾਨ ਦੇ ਕੰਮਾਂ ਨੂੰ ਹੋਰ ਅੱਗੇ ਵਧਾਇਆ। ਉਨ੍ਹਾਂ ਨੇ ਸਾਦਾ-ਸ਼ਾਦੀਆਂ ਅਤੇ ਨਸ਼ਾਬੰਦੀ ਜਿਹੀਆਂ ਸਮਾਜਿਕ ਉਲਝਨਾਂ ਤੇ ਕਾਬੂ ਪਾਉਣ ਦੇ ਲਈ ਮਾਰਗ ਦਰਸ਼ਨ ਦਿੱਤਾ। ਦਿੱਲੀ ਵਿੱਚ ਹੋਏ 25ਵੀਂ ਗੋਲਡਨ ਜੁਬਲੀ ਸੰਤ-ਸਮਾਗਮ ਵਿੱਚ ਜਦੋਂ ਬਾਬਾ ਗੁਰਬਚਨ ਸਿੰਘ ਜੀ ਅਤੇ ਨਿਰੰਕਾਰੀ ਰਾਜਮਾਤਾ ਜੀ ਨੂੰ ਸੰਤਾਂ ਨੇ ਨੋਟਾਂ ਨਾਲ ਤੋਲ ਕੇ ਆਪਣਾ ਸਨੇਹ ਪ੍ਰਗਟ ਕੀਤਾ ਤਾਂ ਬਿਨਾ ਦੇਰੀ ਕੀਤੇ ਉਹ ਸਾਰੀ ਰਕਮ ਉਨ੍ਹਾਂ ਨੇ ਸਮਾਜ ਕਲਿਆਣ ਦੇ ਕੰਮਾਂ ਲਈ ਦੇ ਦਿੱਤੀ। ਸਕੂਲ, ਕਾਲਿਜ, ਡਿਸਪੈਂਸਰੀਆਂ ਨੂੰ ਤੇਜੀ ਨਾਲ ਚਲਾਇਆ ਜਾਣ ਲੱਗਾ।

ਸੇਵਾ ਭਾਵ ਨਾਲ ਭਰਪੂਰ ਇਸ ਸਮਾਜ ਉਤਥਾਨ ਦੇ ਕੰਮ ਨੂੰ ਬਾਬਾ ਹਰਦੇਵ ਸਿੰਘ ਜੀ ਅਤੇ ਮਾਤਾ ਸਵਿੰਦਰ ਜੀ ਨੇ ਉਸੀ ਸ਼ਿਦੱਤ ਨਾਲ ਜਾਰੀ ਰੱਖਿਆ। ਗੁਜਰਾਤ ਦੇ ਭੂਚਾਲ ਪੀੜਤਾਂ ਦੀ ਸਹਾਇਤਾ ਦੇ ਲਈ ਉਨ੍ਹਾਂ ਨੇ ਮਿਸ਼ਨ ਦੇ ਉਪਲੱਭਧ ਸਾਧਨਾਂ ਨੂੰ ਆਪਦਾ ਰਾਹਤ ਵਿੱਚ ਖ਼ਰਚ ਕਰਨ ਦੀ ਤਤਕਾਲ ਆਗਿਆ ਦੇ ਕੇ ਪੀੜਿਤਾਂ ਨੂੰ ਰਾਹਤ ਪਹੁੰਚਾਈ।

ਸਭ ਵਿੱਚ ਨਾਰਾਇਣ ਦਾ ਰੂਪ ਵੇਖ ਕੇ ਸੰਤ ਸੰਪੂਰਣ ਮਾਨਵਤਾ ਦੀ ਸੇਵਾ ਕਰਦੇ ਹਨ। ਮਿਸ਼ਨ ਵਿੱਚ ਸਤਿਗੁਰੂ ਦਾ ਦਿੱਤਾ ਹੋਇਆ 'ਨਰ ਸੇਵਾ ਨਾਰਾਇਣ ਪੂਜਾ' ਦਾ ਸੂਤਰ ਜਨ-ਜਨ ਦੀ ਪੀੜਾ ਹਰਦਾ ਆਇਆ ਹੈ। ਸਮਾਜ ਨੂੰ ਜਦੋਂ ਅਤੇ ਜਿਥੇ ਜ਼ਰੂਰਤ ਪਈ ਮਿਸ਼ਨ ਸਹਿਯੋਗ ਦੇ ਲਈ ਅਗਲੀ ਲਾਇਨ ਵਿੱਚ ਨਜ਼ਰ ਆਇਆ। ਬਾਬਾ ਹਰਦੇਵ ਸਿੰਘ ਜੀ ਦੇ ਆਹਵਾਨ ਉਤੇ 11 ਲੱਖ ਯੂਨਿਟ ਖ਼ੂਨਦਾਨ ਕਰਕੇ ਮਿਸ਼ਨ ਨਾਲ ਮਾਨਵਤਾ ਦੀ ਭਲਾਈ ਦੇ ਪ੍ਰਤੀ ਅਪਣੀ ਜਿਸ ਪ੍ਰਤੀਬੱਧਤਾ ਨੂੰ ਵਿਖਾਇਆ, ਉਸ ਨਾਲ ਲੋਕਾਂ ਵਿੱਚ ਮਾਨਵਤਾ ਦੀ ਨਿਸ਼ਕਾਮ ਸੇਵਾ ਦਾ ਜ਼ਜ਼ਬਾ ਪੈਦਾ ਹੋਇਆ ਹੈ।

ਵਰਤਮਾਨ ਪ੍ਰਸਥਿਤੀ ਵਿੱਚ ਮਿਸ਼ਨ ਨੇ ਦੇਸ਼ ਅਤੇ ਦੂਰ-ਦੇਸ਼ਾਂ ਵਿੱਚ ਵੱਧ-ਚੜ੍ਹ ਕੇ ਮਾਨਵਤਾ ਦੀ ਸੇਵਾ ਕੀਤੀ ਹੈ।

ਦੇਸ਼ ਵਿੱਚ ਕੋਰੋਨਾ ਮਹਾਮਾਰੀ ਤੋਂ ਪੈਦਾ ਪਰੇਸ਼ਾਨੀਆਂ ਨੂੰ ਹਲ ਕਰਨ ਵਿੱਚ ਸਾਰੀ ਦੁਨੀਆਂ ਲੱਗੀ ਹੋਈ ਹੈ। ਲੋਕਡਾਊਨ ਦੀ ਘੋਸ਼ਣਾ ਨੇ ਲੋਕਾਂ ਦੀ ਆਮਦਨੀ ਘਟ ਕਰ ਦਿੱਤੀ ਹੈ। ਅਜਿਹੇ ਸਮੇਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਮਿਸ਼ਨ ਨੇ ਪੀ. ਐਮ. ਕੇਅਰ ਫੰਡ ਵਿੱਚ ਪੰਜ ਕਰੋੜ, ਉਤੱਰਾਖੰਡ, ਪੰਜਾਬ, ਹਰਿਆਣਾ ਦੇ ਮੁੱਖਮੰਤਰੀ ਸਹਾਇਤਾ ਕੋਸ਼ ਵਿੱਚ 50-50 ਲੱਖ ਅਤੇ ਦਿੱਲੀ ਦੇ ਮੁੱਖਮੰਤਰੀ ਨੂੰ 10,000 ਪੀ.ਪੀ.ਈ.ਕਿਟਸ ਪ੍ਰਦਾਨ ਕਰ ਸ਼ਲਾਘਾਯੋਗ ਯੋਗਦਾਨ ਦਿੱਤਾ ਹੈ।

ਜਦੋਂ ਲੱਖਾਂ ਲੋਕਾਂ ਦੀ ਆਮਦਨ ਦਾ ਸਾਧਨ ਲਗਭਗ ਜੀਰੋ ਹੋ ਗਿਆ ਹੋਵੇ ਅਜਿਹੇ ਨਿਰਾਸ਼ਾ ਭਰੇ ਵਾਤਾਵਰਣ ਵਿੱਚ ਪੀੜਿਤ ਪਰਿਵਾਰਾਂ ਨੂੰ ਰਾਹਤ ਦੇਂਦੇ ਹੋਏ ਮਿਸ਼ਨ ਨੇ 40 ਲੱਖ ਲੋਕਾਂ ਨੂੰ ਖਾਣਾ ਖਿਲਾਉਣ ਦੀ ਸੇਵਾ ਕੀਤੀ। ਲਗਭਗ ਡੇਢ ਲੱਖ ਲੋਕਾਂ ਨੂੰ ਰਾਸ਼ਨ ਦੇ ਥੈਲੇ ਪਹੁੰਚਾਏ ਗਏ ਜਿਸ ਵਿੱਚ ਆਟਾ, ਚਾਵਲ, ਦਾਲ, ਮਸਾਲੇ, ਚਾਹ, ਤੇਲ, ਨਮਕ ਆਦਿ ਜ਼ਰੂਰੀ ਸਮਾਨ ਕਾਫ਼ੀ ਮਾਤਰਾ ਵਿੱਚ

ਸ਼ਾਮਿਲ ਸਨ। ਬਦਹਾਲ ਅਵਸਥਾ ਵਿੱਚ ਰਹਿ ਰਹੇ ਪੀੜਿਤ ਲੋਕਾਂ ਨੂੰ ਭੋਜਨ ਦਾ ਸਾਧਨ ਉਪਲੱਭਧ ਕਰਵਾਉਣ ਦੇ ਨਾਲ-ਨਾਲ ਮਿਸ਼ਨ ਨੇ ਉਨ੍ਹਾਂ ਨੂੰ ਧੀਰਜ ਅਤੇ ਸੰਬਲ ਵੀ ਦਿੱਤਾ।

ਮਹਾਮਾਰੀ ਦੇ ਪ੍ਰਕੋਪ ਵਿੱਚ ਸਭ ਨੂੰ ਆਪਣੀ ਜਾਣ ਦੀ ਫ਼ਿਕਰ ਸੀ ਲੇਕਿਨ ਅਜਿਹੇ ਵਾਤਾਵਰਣ ਵਿੱਚ ਵੀ ਸੰਤ ਨਿਰੰਕਾਰੀ ਸੇਵਾਦਲ ਅਤੇ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਹਜ਼ਾਰਾਂ ਸਵੈ-ਸੇਵਕ ਸੈਨੇਟਾਈਜੇਸ਼ਨ, ਮਾਸਕ ਵਿਤਰਣ, ਰਾਸ਼ਨ ਵਿਤਰਣ ਅਤੇ ਲੰਗਰ ਸੇਵਾ ਵਿੱਚ ਦਿਨ-ਰਾਤ ਲੱਗੇ ਰਹੇ। ਹਾਂ, ਇਹ ਸਾਵਧਾਨੀ ਜ਼ਰੂਰ ਰੱਖੀ ਗਈ ਕਿ ਹੱਥਾਂ ਨੂੰ ਵਾਰ-ਵਾਰ ਸੈਨੇਟਾਈਜ ਕੀਤਾ ਜਾਵੇ, ਮਾਸਕ ਪਹਿਨ ਕੇ ਸੇਵਾ ਕੀਤੀ ਜਾਵੇ ਅਤੇ ਸੋਸ਼ਲ ਡਿਸਟੇਂਸਿੰਗ ਦਾ ਪੂਰੀ ਤਰ੍ਹਾਂ ਪਾਲਨ ਕੀਤਾ ਜਾਵੇ। ਅਜਿਹੀ ਸਥਿਤੀ ਵਿੱਚ ਜਦੋਂ ਕਿ ਲੋਕਾਂ ਦੇ ਮਨ ਵਿੱਚ ਮੌਤ ਦੇ ਡਰ ਦਾ ਪ੍ਰਭਾਵ ਸੀ, ਸਤਿਗੁਰੂ ਦਾ ਇਸ਼ਾਰਾ ਪਾ ਕੇ ਹਜ਼ਾਰਾਂ ਯੂਨਿਟ ਖ਼ੂਨਦਾਨ ਦੇ ਕੇ ਦੇਸ਼, ਦੂਰ-ਦੇਸ਼ਾਂ ਵਿੱਚ ਰੋਗੀਆਂ ਦੀ ਜਾਨ ਬਚਾਉਣ ਦਾ ਕੰਮ ਨਿਰੰਕਾਰੀ ਭਗਤਾਂ ਨੇ ਇਸ ਦੌਰਾਨ ਵੀ ਬਹੁਤ ਉਤਸਾਹ ਨਾਲ ਕੀਤਾ। ਮਿਸ਼ਨ ਦੀਆਂ ਸੇਵਾਵਾਂ ਦਾ ਸਭ ਤੋਂ ਉੱਤਮ ਪਹਿਲੂ ਇਹ ਸੀ ਕਿ ਮਾਨਵ ਮਾਤਰ ਦੀ ਸੇਵਾ ਦਾ ਭਾਵ ਹੀ ਸਾਹਮਣੇ ਸੀ, ਸੇਵਾ ਅਪਣਾ-ਪਰਾਇਆ, ਛੋਟਾ-ਵੱਡਾ, ਕਾਲਾ-ਗੋਰਾ ਵੇਖ ਕੇ ਨਹੀਂ ਕੀਤੀ ਗਈ ਅਤੇ ਪੂਰੀ ਤਰ੍ਹਾਂ ਇਹ ਵੀ ਧਿਆਨ ਰੱਖਿਆ ਗਿਆ ਕਿ ਦਿਖਾਵਾ ਲੇਸ਼ ਮਾਤਰ ਵੀ ਨਾ ਹੋ ਪਾਏ।

ਸਤਿਗੁਰੂ ਕ੍ਰਿਪਾ ਅਤੇ ਕਰੁਣਾ ਦੇ ਸਾਗਰ ਹਨ। ਉਨ੍ਹਾਂ ਦਾ ਆਦੇਸ਼ ਆਇਆ ਕਿ ਸੰਤ ਨਿਰੰਕਾਰੀ ਸਤਿਸੰਗ ਭਵਨਾਂ ਦੇ ਦਰਵਾਜ਼ੇ ਕੋਰੋਨਾ ਮਹਾਮਾਰੀ ਨਾਲ ਪੀੜਿਤਾਂ ਦੇ ਲਈ ਖੋਲ੍ਹ ਦਿੱਤੇ ਜਾਣ। ਬਿਨਾ ਦੇਰੀ ਮਿਸ਼ਨ ਦੇ ਦੇਸ਼ ਭਰ ਤੋਂ ਹਜ਼ਾਰਾਂ ਸਤਿਸੰਗ ਭਵਨਾਂ ਤੇ ਮਾਨਵ ਸੇਵਾ ਦਾ ਸੁੰਦਰ ਰੂਪ ਨਜ਼ਰ ਆਉਣ ਲੱਗਾ। ਖੁਦ ਸਵੈ-ਸੇਵਕ ਸੇਵਾ ਕੰਮਾਂ ਵਿੱਚ ਜੀਅ-ਜਾਨ ਨਾਲ ਲੱਗ ਗਏ। ਥਾਂ-ਥਾਂ ਮਾਸਕ ਵੰਡੇ ਅਤੇ ਸੋਸ਼ਲ ਡਿਸਟੇਂਸਿੰਗ ਦੇ ਲਈ ਜਾਗਰੂਕਤਾ ਮੁਹਿੰਮ ਚਲਾਈ ਗਈ। ਸੈਨੇਟਾਈਜੇਸ਼ਨ ਦਾ ਕੰਮ ਵੀ ਹਰ ਪ੍ਰਾਂਤ ਵਿੱਚ ਸ਼ੁਰੂ ਹੋ ਗਿਆ, ਅੰਮ੍ਰਿਤਸਰ, ਲੁਧਿਆਣਾ, ਮੁੰਬਈ ਆਦਿ ਥਾਂਵਾਂ ਤੇ ਭਵਨਾਂ ਤੇ ਕੋਰੋਟਾਇਨ ਵਿੱਚ ਰੱਖੇ ਗਏ ਲੋਕਾਂ ਨੂੰ ਭੋਜਨ, ਪਾਣੀ, ਬਿਸਤਰੇ ਆਦਿ ਉਪਲੱਭਧ ਕਰਾ ਕੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਗਈ। ਉਨ੍ਹਾਂ ਨੂੰ ਯੋਗਾ ਅਤੇ ਸਿਮਰਨ ਵੀ ਕਰਵਾਇਆ ਜਾਂਦਾ ਰਿਹਾ ਤਾਂਕਿ ਉਨ੍ਹਾਂ ਦਾ ਮਨ ਸ਼ਾਂਤ ਰਹੇ। ਲਾਕਡਾਊਨ ਦੇ ਕਾਰਣ ਬੇਰੋਜ਼ਗਾਰ ਹੋਏ ਲੋਕਾਂ ਦੇ ਸਾਹਮਣੇ ਖਾਣ-ਪੀਣ ਦੀ ਸੱਮਗਰੀ ਦੀ ਵੱਡੀ ਮੁਸ਼ਕਿਲ ਸੀ। ਮਿਸ਼ਨ ਦੇ ਲੋਕਾਂ ਨੇ ਰਾਸ਼ਨ ਅਤੇ ਲੰਗਰ ਉਪਲੱਭਧ ਕਰਵਾਇਆ।

ਪ੍ਰਵਾਸੀ ਮਜ਼ਦੂਰਾਂ ਨੂੰ ਲਗਭਗ ਹਰ ਸ਼ਹਿਰ ਵਿੱਚ ਲੰਗਰ ਉਪਲੱਭਧ ਕਰਵਾਇਆ ਤਾਂਕਿ ਲੋਕ ਭੁੱਖੇ ਨਾ ਰਹਿਣ।

ਪ੍ਰਵਾਸੀ ਮਜ਼ਦੂਰਾਂ ਨੂੰ ਲਗਭਗ ਹਰ ਰਾਜ ਵਿੱਚ ਲੰਗਰ ਉਪਲੱਭਧ ਕਰਵਾਇਆ ਗਿਆ ਅਤੇ ਉਹ ਵੀ ਐਨੀ ਸ਼ਰਧਾ, ਸਤਿਕਾਰ-ਭਰਪੂਰ ਢੰਗ ਨਾਲ ਮੰਨੋ ਨਰ ਰੂਪ ਵਿੱਚ ਨਾਰਾਇਣ ਹੀ ਸਾਹਮਣੇ ਖੜਾ ਹੈ। ਕਈ

ਗ਼ਰੀਬ ਪਰਿਵਾਰਾਂ ਅਤੇ ਕੁਸ਼ਟ ਰੋਗੀਆਂ ਨੂੰ ਵੀ ਮਿਸ਼ਨ ਵੱਲੋਂ ਰਾਸ਼ਨ ਅਤੇ ਲੰਗਰ ਪਹੁੰਚਾਇਆ ਜਾਂਦਾ ਰਿਹਾ ਤਾਂਕਿ ਅੰਨ ਦੀ ਘਾਟ 'ਚ ਕੋਈ ਵੀ ਦਰਦ ਵਿੱਚ ਨਾ ਰਹੇ।

ਦਿੱਲੀ, ਮੁੰਬਈ, ਅਹਿਮਦਾਬਾਦ, ਪੁਣੇ, ਨਾਸਿਕ, ਹਰਿਆਣਾ, ਪੰਜਾਬ ਆਦਿ ਤੋਂ ਵੱਡੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਜਦੋਂ ਬਿਹਾਰ ਅਤੇ ਉਤੱਰ-ਪ੍ਰਦੇਸ਼ ਦੇ ਵਿਭਿੰਨ ਜ਼ਿਲਿਆਂ ਦੇ ਲਈ ਪੈਦਲ ਜਾਂ ਹੋਰ ਉਪਲੱਭਧ ਗੱਡੀਆਂ ਆਟੋ

ਰਿਕਸ਼ਾ, ਸਾਈਕਲ, ਟਰੱਕ ਆਦਿ ਨਾਲ ਲੱਖਾਂ ਦੀ ਗਿਣਤੀ ਵਿੱਚ ਜਾਣ ਲੱਗੇ ਉਦੋਂ ਲਖਨਊ ਤੋਂ ਪੂਰਵਾਂਚਲ ਅਤੇ ਬਿਹਾਰ ਜਾਣ ਵਾਲੇ ਰਾਸ਼ਟਰੀ ਰਾਜਮਾਰਗ ਦੇ ਰੂਦੌਲੀ (ਅਯੋਧਿਆ), ਕਸਆ (ਕੁਸ਼ੀਨਗਰ), ਬਾਰਾਬਾਂਕੀ ਆਦਿ ਥਾਂਵਾਂ ਤੇ ਉਨ੍ਹਾਂ ਨੂੰ ਲਗਾਤਾਰ ਪਾਣੀ ਦੀ ਬੋਤਲ, ਬਿਸਕੁਟ, ਲੰਗਰ ਆਦਿ ਉਪਲੱਭਧ ਕਰਵਾਇਆ ਗਿਆ। ਹਜ਼ਾਰਾਂ ਯਾਤਰੀਆਂ ਨੂੰ ਖਾਣ ਦੇ ਪੈਕੇਟ ਅਤੇ ਪਾਣੀ ਦੀਆਂ ਬੋਤਲਾਂ ਦੇਣ ਦੇ ਲਈ ਸਵੈ-ਸੇਵਕ ਦਿਨ-ਰਾਤ ਕੰਮ ਕਰਦੇ ਰਹੇ।

ਕੋਰੋਨਾ ਮਹਾਮਾਰੀ ਦੇ ਸੰਕਟ ਵਿੱਚ ਹਸਪਤਾਲਾਂ ਵਿੱਚ ਮਰੀਜਾਂ ਨੂੰ ਖ਼ੂਨ ਦੇਣ ਵਾਲਾ ਕੋਈ ਨਹੀਂ ਸੀ। ਖ਼ੂਨ ਦੀ ਘਾਟ ਕਾਰਣ ਕੋਈ ਪ੍ਰਾਣ ਨਾ ਤਿਆਗੇ, ਮਿਸ਼ਨ ਦਾ ਸ਼ੁਰੂ ਤੋਂ ਹੀ ਇਹੀ ਜਤਨ ਰਿਹਾ ਹੈ, ਇਸਲਈ ਉਤੱਰ-ਪ੍ਰਦੇਸ਼, ਚੰਡੀਗੜ੍ਹ, ਮੱਧਪ੍ਰਦੇਸ਼, ਮਹਾਂਰਾਸ਼ਟਰ, ਪੰਜਾਬ ਆਦਿ ਤੋਂ ਹਜ਼ਾਰਾਂ ਯੂਨਿਟ ਖ਼ੂਨਦਾਨ ਦੇ ਕੇ ਮਹਾਂਪੁਰਸ਼ਾਂ ਨੇ ਮਾਨਵਤਾ ਦੀ ਸ਼ਲਾਘਾ ਯੋਗ ਸੇਵਾ ਕੀਤੀ। ਪੁਣੇ ਦੇ ਹੜਪਸਕ ਅਤੇ ਜੈ ਜਵਾਨ ਨਗਰ ਸ਼ਾਖਾ ਰਾਹੀਂ 56 ਯੂਨਿਟ ਖ਼ੂਨ ਦੇ ਕੇ ਰੋਗੀਆਂ ਦੀ ਸੇਵਾ ਕੀਤੀ ਗਈ। ਕਰਾਵਲ ਨਗਰ, ਦਿੱਲੀ, ਔਰੰਗਾਬਾਦ, ਆਦਿ ਥਾਂਵਾਂ ਤੋਂ ਵੀ ਖ਼ੂਨਦਾਨ ਕੈਂਪ ਵਿੱਚ ਪਹੁੰਚ ਕੇ ਨੌਜਵਾਨਾਂ ਨੇ ਖ਼ੂਨਦਾਨ ਕੀਤਾ। ਮਨੀਮਾਜਰਾ (ਪੰਜਾਬ) ਵਿੱਚ 101 ਯੂਨਿਟ ਖ਼ੂਨਦਾਨ ਕੀਤਾ ਗਿਆ। ਸੀਨੀਅਰ ਨਾਗਰਿਕਾਂ ਦੇ ਲਈ ਪਲਾਜਮਾ ਡੋਨੇਸ਼ਨ ਡਰਾਈਵ ਚਲਾਇਆ ਗਿਆ ਜਿਸਦੀ ਬਹੁਤ ਸ਼ਲਾਘਾ ਹੋਈ।

ਟਿਹਰੀ ਗੜਵਾਲ, ਨੱਥੂਪੁਰਾ, ਮਦਨਗੀਰ, ਨਿਰੰਕਾਰੀ ਕਲੋਨੀ, ਅਵਤਾਰ ਇਨਕਲੇਵ, ਰੋਹਿਣੀ, ਮੰਗੋਲਪੁਰੀ, ਮਹਰੌਲੀ, ਗੀਤਾ ਕਲੋਨੀ, ਪ੍ਰੇਮ ਨਗਰ, ਨੰਦਨਗਰੀ (ਦਿੱਲੀ), ਫਰੀਦਾਬਾਦ, ਗਾਜੀਆਬਾਦ, ਨੋਇਡਾ ਵਿੱਚ ਫੂਡ ਪੈਕੇਟ ਵੰਡੇ ਗਏ, ਲੰਗਰ ਸੇਵਾ ਵੀ ਜ਼ਾਰੀ ਰਹੀ।

ਕੋਲਹਾਪੁਰ, ਸ਼ੋਲਾਪੁਰ, ਮੁੰਬਈ, ਨਾਗਪੁਰ, ਔਰੰਗਾਬਾਦ ਵਿੱਚ ਕੋਰੇਂਟਾਇਨ ਸੈਂਟਰ ਖੋਲ੍ਹੇ ਗਏ। ਅੰਮ੍ਰਿਤਸਰ, ਬਰਨਾਲਾ, ਸੁਨਾਮ, ਮਨੀਮਾਜਰਾ, ਲੌਂਗੋਵਾਲ, ਪੌਂਟਾ ਸਾਹਿਬ, ਗੁਰਦਾਸਪੁਰ ਆਦਿ ਥਾਂਵਾਂ ਤੇ ਕੀਤੀਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਹੋਈ।

ਪੰਜਾਬ, ਹਰਿਆਣਾ, ਰਾਜਸਥਾਨ, ਮੱਧ-ਪ੍ਰਦੇਸ਼, ਮਹਾਂਰਾਸ਼ਟਰ, ਉਤੱਰ-ਪ੍ਰਦੇਸ਼, ਦੱਖਣੀ ਅਤੇ ਪੂਰਵਉਤੱਰ ਰਾਜਾਂ ਦੇ ਭਗਤ ਮਾਨਵਤਾ ਦੀ ਸੇਵਾ ਵਿਚ ਲਗਾਤਾਰ ਜੁਟੇ ਰਹੇ।

ਦੂਰ-ਦੇਸ਼ਾਂ ਵਿੱਚ ਮੁਹਿੰਮ

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੀ ਮਾਨਵਤਾ ਦੀ ਸੇਵਾ ਕਰਨ ਦੀ ਸਿੱਖਿਆ ਦਾ ਜੀਵੰਤ ਰੂਪ ਭਾਰਤ ਦੇ ਇਲਾਵਾ ਦੂਰ-ਦੇਸ਼ਾਂ ਵਿੱਚ ਵੀ

ਵੇਖਣ ਨੂੰ ਮਿਲਿਆ। ਕੈਲਗਿਰੀ, ਟੋਰਾਂਟੋ (ਕਨਾਡਾ), ਹਿਚੇਨ (ਵੈਸਟ ਲੰਦਨ), ਬੈਡਫੋਰਡ, ਯਾਰਕਸ਼ਾਇਰ, ਐਨਾਰਬਰ ਡੈਟ੍ਰਾਇਟ (ਅਮਰੀਕਾ) ਆਦਿ ਥਾਂਵਾਂ ਤੇ ਵਿਆਪਕ ਫੂਡ ਡਰਾਈਵ ਚਲਾਇਆ ਗਿਆ ਅਤੇ ਜ਼ਰੂਰਤਮੰਦਾਂ ਨੂੰ ਖਾਦ ਸਮੱਗਰੀ ਉਪਲੱਭਧ ਕਰਵਾਈ ਗਈ। ਟੋਰਾਂਟੋ ਬ੍ਰਾਂਚਾਂ ਰਾਹੀਂ ਫੇਸ ਸ਼ੀਲਡ ਦੀ ਵੰਡ ਵੀ ਕੀਤੀ ਗਈ।

ਅਬੂਟਸਫੋਰਡ, ਕਨਾਡਾ ਬ੍ਰਾਂਚਾਂ ਨੇ ਅਬੂਟਸਫੋਰਡ ਫੂਡ ਬੈਂਕ ਨੂੰ ਭੋਜਨ ਦੇ ਪੈਕੇਟ ਉਪਲੱਭਧ ਕਰਵਾਏ। ਵੈਸਟ ਮਿਡਲੈਂਡ, ਆਕਸਫੋਰਡ, ਨਾਰਥੇਮਪਟਨ ਵਿੱਚ ਫੂਡ ਡਰਾਈਵ ਦੇ ਤਹਿਤ ਭੋਜਨ ਪੈਕੇਟ ਉਪਲੱਭਧ ਕਰਵਾਏ। ਸਕਾਟਲੈਂਡ ਵਿੱਚ ਫੂਡ ਡਰਾਈਵ ਦੇ ਨਾਲ-ਨਾਲ ਮਿਸ਼ਨ ਦਾ ਸਾਹਿਤ ਵੀ ਭੇਂਟ ਕੀਤਾ ਗਿਆ। ਹਾਂਗਕਾਗ ਵਿੱਚ ਮਾਸਕ, ਸਫ਼ਾਈ ਅਤੇ ਹੋਰ ਘਰੇਲੂ ਸਮੱਗਰੀ ਉਪਲੱਭਧ ਕਰਵਾਈ ਗਈ। ਇਥੇ ਹੋ ਕਾਕ ਹੋ ਡਿਸਿਟ੍ਰਕਟ ਕੌਂਸਲਰ ਨੇ ਧੰਨਵਾਦ ਪ੍ਰਗਟ ਕੀਤਾ।

ਲਾਸਏਂਜਿਲਸ (ਕੈਲੇਫੋਰਨੀਆ), ਨਿਊਯਾਰਕ, ਐਟਲਾਂਟਾ (ਜਾਰਜੀਆ), ਹਿਯੂਸਟਨ (ਟੈਕਸਾਸ), ਸੀਏਟਲ, ਵਾਸ਼ਿੰਗਟਨ, ਡੈਨੇਵਰ (ਕੋਲਾਰਾਡੋ), ਨਾਰਥ ਕੋਰੋਲਿਨਾ, ਸ਼ਿਕਾਗੋ, ਬੋਸਟਨ ਟ੍ਰੇਸੀ (ਕੈਲੀਫੋਰਨੀਆ) ਵਿੱਚ ਲਗਾਤਾਰ ਫੂਡ ਡਰਾਈਵ ਚਲਾਇਆ ਗਿਆ। ਮਾਸਕ ਅਤੇ ਗਲਾਬਸ ਦੀ ਵੰਡ ਵੀ ਕੀਤੀ ਗਈ। ਹਿਚੇਨ (ਯੂ.ਕੇ.) ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਵੈਸਟ ਇੰਡੀਜ ਸੈਂਟਮਾਰਟਿਨ ਵਿੱਚ ਖਾਣ ਦੇ ਪੈਕੇਟ ਵੰਡੇ ਗਏ।

ਟੀਕਾਪੁਰ ਅਤੇ ਕਾਠਮਾਂਡੂ (ਨੇਪਾਲ) ਵਿੱਚ ਰਾਸ਼ਨ ਅਤੇ ਰਾਹਤ ਸਮੱਗਰੀ ਵੰਡੀ ਗਈ। ਟੀਕਾਪੁਰ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ।

ਯੂ.ਕੇ., ਕਨਾਡਾ, ਸਪੇਨ, ਫਰਾਂਸ, ਇਟਲੀ, ਜਰਮਨੀ, ਮਲੇਸ਼ੀਆ, ਸਿੰਗਾਪੁਰ, ਹਾਂਗਕਾਂਗ, ਫਿਲੀਪੀਸ, ਆਸਟ੍ਰੇਲੀਆ, ਨਿਯੂਜੀਲੈਂਡ ਅਤੇ ਨੇਪਾਲ ਆਦਿ ਦੇਸ਼ਾਂ ਵਿੱਚ ਵੱਡੇ ਪੱਧਰ ਤੇ ਰਾਹਤ ਅਤੇ ਸਹਾਇਤਾ ਕੰਮ ਕੀਤੇ ਗਏ, ਨਾਲ ਹੀ ਇਹ ਪ੍ਰਾਥਨਾ ਕੀਤੀ ਗਈ ਕਿ ਦਾਤਾਰ ਜਲਦੀ ਸਾਰੀ ਦੁਨੀਆ ਨੂੰ ਡਰ ਅਤੇ ਪੀੜਾ ਤੋਂ ਮੁਕਤ ਕਰੇ।

ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ

ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡਸ਼ਨ, ਮਾਨਵਤਾ ਹੈ ਧਰਮ ਹਮਾਰਾ' ਦੀ ਭਾਵਨਾ ਨਾਲ ਸਮਾਜ ਅਤੇ ਦੇਸ਼ ਦੀ ਸੇਵਾ ਵਿਚ ਲਗਾਤਾਰ ਯੋਗਦਾਨ ਦੇਂਦਾ ਹੈ। ਨਿਮਰਤਾ ਨਾਲ ਭਰਪੂਰ ਹੋ ਕੇ ਸੇਵਾ ਦੇ ਸੰਕਲਪ ਦੇ ਨਾਲ ਮਾਨਵ ਸੇਵਾ ਦੇ ਲਈ ਪ੍ਰਤੀਬੱਧ ਰਹਿੰਦਾ ਹੈ। ਸੰਤ ਨਿਰੰਕਾਰੀ ਚੈਰੀਟੈਬਲ ਫਾਊਂਡੇਸ਼ਨ ਰਾਹੀਂ ਦਿੱਲੀ, ਹਰਿਆਣਾ, ਪੰਜਾਬ, ਮਹਾਂਰਾਸ਼ਟਰ ਆਦਿ ਦੇ ਸਰਕਾਰੀ ਹਸਪਤਾਲਾਂ ਵਿੱਚ ਸੇਵਾਰਤ ਡਾਕਟਰਾਂ ਅਤੇ ਸਿਹਤ ਸੇਵਾ ਕਰਮੀਆਂ ਨੂੰ 13000 ਪੀ.ਪੀ.ਈ. ਕਿਟਸ ਪ੍ਰਦਾਨ ਕੀਤੀ ਗਈ। 1000 ਮੁਹਿੰਮ – 95 ਮਾਸਕ ਸਿਵਿਲ ਹਸਪਤਾਲ ਗੁਰੂਗ੍ਰਾਮ, ਇੰਡੀਅਨ ਮੈਡੀਕਲ ਐਸੋਸੀਏਸ਼ਨ ਹਰਿਆਣਾ ਅਤੇ ਪਾਲਘਰ ਮਹਾਂਰਾਸ਼ਟਰ ਨੂੰ ਭੇਂਟ ਕੀਤਾ ਗਿਆ। ਜੀ.ਐਮ.ਸੀ ਹਸਪਾਤਲ ਨਾਗਪੁਰ ਨੂੰ ਸੈਨੇਟਾਈਜਰ, ਮਾਸਕ ਅਤੇ ਦਸਤਾਨੇ ਦਿੱਤੇ ਗਏ।

ਫਾਊਂਡੇਸ਼ਨ ਰਾਹੀਂ 80000 ਤੋਂ ਜ਼ਿਆਦਾ ਫੇਸ ਮਾਸਕ, ਅੱਖਾਂ ਦੀ ਸੁਰੱਖਿਆ ਲਈ 2000 ਚਸ਼ਮੇ, 17000 ਹੱਥਾਂ ਦੇ ਦਸਤਾਨੇ, 1200 ਲੀਟਰ ਛੋਟੀ ਬੋਤਲਾਂ ਵਿੱਚ ਪੈਕਡ ਸੈਨੇਟਾਈਜਰ ਕੇਂਦਰੀ ਰਿਜ਼ਰਵ ਪੁਲੀਸ ਬਲ, ਰਿਜ਼ਰਵ ਪੁਲੀਸ ਫੋਰਸ, ਕੇਂਦਰੀ ਉਦਯੋਗਕ ਸੁਰੱਖਿਆ ਬਲ, ਬਾਰਡਰ ਸੁਰੱਖਿਆ ਫੋਰਸ ਨੂੰ ਪਹੁੰਚਾਹਿਆ ਗਿਆ। ਇਸਦੇ ਇਲਾਵਾ 10,000 ਮਾਸਕ ਟਾਈਮਸ ਆਫ਼ ਇੰਡੀਆ ਅਤੇ ਜਨਤਾ ਨੂੰ ਦਿੱਤੇ ਗਏ। ਫਾਊਂਡੇਸ਼ਨ ਦੇ ਸਵੈ-ਸੇਵਕਾਂ ਰਾਹੀਂ ਦੇਸ਼ ਭਰ ਵਿੱਚ ਹਜ਼ਾਰਾਂ ਮਾਸਕ ਬਣਾ ਕੇ ਵੰਡੇ ਗਏ। ਸਵੈ-ਸੇਵਕਾਂ ਨੇ ਸਰਵਜਨਿਕ ਥਾਂਵਾਂ, ਪੁਲੀਸ ਥਾਣਿਆਂ, ਚੌਕੀ, ਚੈਕਪੋਸਟ ਅਤੇ ਕਈ ਆਵਾਸੀ ਭਵਨਾਂ ਨੂੰ ਸੈਨੇਟਾਈਜ ਕੀਤਾ। ਰੂਦੌਲੀ, ਅਯੋਧਿਆ ਦੇ ਉਪ-ਜ਼ਿਲਾਅਧਿਕਾਰੀ ਸਮੇਤ ਕਈ ਲੋਕਾਂ ਨੇ ਫਾਊਂਡੇਸ਼ਨ ਦੇ ਕੰਮਾਂ ਦੀ ਪੂਰੀ-ਪੂਰੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨਿਸੁਆਰਥ ਭਾਵ ਨਾਲ ਕੀਤੀ ਜਾ ਰਹੀ ਆਪ ਦੀ ਸੇਵਾ ਸ਼ਲਾਘਾਯੋਗ ਹੈ। ਫਾਊਂਡੇਸ਼ਨ ਰਾਹੀਂ ਗੋਦ ਲਏ ਪਿੰਡਾਂ ਦੇ ਲੋਕਾਂ ਨੂੰ ਮਾਸਕ ਅਤੇ ਸਾਬਣ ਦਿੱਤੇ ਗਏ ਅਤੇ ਪੋਸਟਰ ਦੇ ਮਾਧਿਯਮ ਨਾਲ ਜਾਗ੍ਰਤੀ ਲਿਆਉਣ ਦਾ ਜਤਨ ਕੀਤਾ ਗਿਆ। ਦਿੱਲੀ, ਹਰਿਆਣਾ, ਪੰਜਾਬ, ਪੱਛਮੀ ਬੰਗਾਲ ਵਿੱਚ ਫਾਊਂਡੇਸ਼ਨ ਦੇ ਸਕੂਲ ਭਵਨਾਂ ਨੂੰ ਸਰਕਾਰ ਨੂੰ ਸਮਰਪਿਤ ਕਰਕੇ ਮਹਾਮਾਰੀ ਨਾਲ

(ਵੇਖੋ ਬਾਕੀ ਪੰਨਾ 41 ਤੇ)

ਵਿਸ਼ੇਸ਼ ਸਤਿਸੰਗ ਸਮਾਰੋਹ: 23 ਫਰਵਰੀ, 2020

ਬ੍ਰਹਮਗਿਆਨ ਨਾਲ ਜੁੜ ਕੇ ਅਪਣਾ ਜੀਵਨ ਸੰਵਾਰੀਏ

ਦਿੱਲੀ, 23 ਫਰਵਰੀ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਕਿਹਾ ਕਿ ਸੰਸਾਰਿਕ ਹਾਲਾਤ ਛਿੰਨਭੰਗੁਰ ਅਤੇ ਪ੍ਰੀਵਰਤਨਸ਼ੀਲ ਹਨ, ਪਰ ਸਤਿਸੰਗ ਦੀਆਂ ਸਿੱਖਿਆਵਾਂ ਰੂਹ ਦੀ ਖੁਰਾਕ ਹਨ, ਇਹ ਹਮੇਸ਼ਾ ਰਹਿਣ ਵਾਲੇ ਨਿਰੰਕਾਰ ਦੇ ਨਾਲ ਜੋੜਦੀਆਂ ਹੈ। ਇਨ੍ਹਾਂ ਨੂੰ ਅਪਨਾ ਕੇ ਹੀ ਪਾਰ ਉਤਾਰਾ ਹੋ ਸਕਦਾ ਹੈ। ਮਿਸ਼ਨ ਦੀ ਹਮੇਸ਼ਾ ਇਹੀ ਸਿੱਖਿਆ ਰਹੀ ਹੈ ਕਿ ਸਾਰੇ ਬ੍ਰਹਮਗਿਆਨ ਅਤੇ ਨਿਰੰਕਾਰ ਦੇ ਨਾਲ ਜੁੜਦੇ ਚਲੇ ਜਾਈਏ ਅਤੇ ਜੀਵਨ ਨੂੰ ਸੰਵਾਰ ਲਈਏ। ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਸਦਾ ਸਤਿਸੰਗ ਨੂੰ ਹਰ ਰਿਸ਼ਤੇ ਤੋਂ ਜ਼ਿਆਦਾ ਪਹਿਲ ਦਿੱਤੀ।

ਆਪ ਗਰਾਊਂਡ ਨੰ. 8 ਵਿੱਚ ਸ਼ਰਧਾਲੂਆਂ ਦੇ ਵਿਸ਼ਾਲ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ। ਅਪਣੇ ਸੰਬੋਧਨ ਵਿੱਚ ਸਤਿਗੁਰੂ ਮਾਤਾ ਜੀ ਨੇ ਫਰਮਾਇਆ ਕਿ- ਸਭ ਦੋ-ਤਿੰਨ ਦਿਨਾਂ ਤੋਂ ਲਗਾਤਾਰ ਸੇਵਾਵਾਂ ਕਰ ਰਹੇ ਹੋ, ਚਾਹੇ ਸੇਵਾਦਲ ਸਿੰਪੋਜੀਯਮ ਵਿੱਚ ਜਾਂ ਸੰਗਤ ਦੇ ਰੂਪ ਵਿੱਚ। ਆਪ ਸਾਰੇ ਅੱਜ ਹਸਪਤਾਲਾਂ ਵਿੱਚ ਸਫ਼ਾਈ ਦੇ ਲਈ ਵੀ ਪਹੁੰਚੇ ਅਤੇ ਸੇਵਾ ਦੇ ਲਈ ਖੁਦ ਨੂੰ ਅਰਪਿਤ ਕੀਤਾ।

ਬਾਬਾ ਹਰਦੇਵ ਸਿੰਘ ਜੀ ਸਮੇਂ-ਸਮੇਂ ਤੇ ਸਾਨੂੰ ਸਾਰਿਆਂ ਨੂੰ ਸੱਚ ਦੀ ਰਾਹ ਤੇ ਚੱਲਣ ਦੀ ਸਿਖਲਾਈ ਦੇ ਦੇ ਸਨ। ਪ੍ਰੀਵਾਰਿਕ ਗੱਲਾਂ ਕਰੀਏ ਤਾਂ ਸੰਸਾਰ ਵਿੱਚ ਪਿਤਾ ਅਪਣੇ ਬੱਚਿਆਂ ਨੂੰ ਜ਼ਿਆਦਾ ਪਹਿਲ ਦੇਂਦੇ ਹਨ। ਸਾਧ ਸੰਗਤ ਭਾਗਸ਼ਾਲੀ ਹੈ ਕਿ ਬਾਬਾ ਹਰਦੇਵ ਸਿੰਘ ਜੀ ਨੇ ਸਦਾ ਸਤਿਸੰਗ ਨੂੰ ਬੱਚਿਆਂ ਨਾਲੋਂ ਵੱਧ ਕੇ ਮਹੱਤਵ ਦਿੱਤਾ।

ਦਾਸੀ ਸ਼ਾਇਦ ਪੰਜਵੀਂ ਜਾਂ ਛੇਵੀਂ ਕਲਾਸ ਵਿੱਚ ਸੀ। ਉਦੋਂ ਇਕ ਘਟਨਾ ਅਜਿਹੀ ਹੋਈ ਕਿ ਕੁਝ ਖਾਣ ਨਾਲ ਦਾਸੀ ਨੂੰ ਕੁਝ ਐਲਰਜੀ ਹੋ ਗਈ। ਸਾਹ ਉਖੜਣ ਲੱਗਾ। ਪੂਰੇ ਸ਼ਰੀਰ ਵਿੱਚ ਛੋਟੇ-ਛੋਟੇ ਦਾਣੇ ਹੋ ਗਏ ਅਤੇ ਪੂਰਾ ਸਰੀਰ ਸੁਜ ਗਿਆ।

ਉਸੀ ਸਮੇਂ ਡਾਕਟਰ ਨੂੰ ਘਰ ਬੁਲਾਇਆ ਤਾਂ ਡਾਕਟਰ ਨੇ ਦਾਸੀ ਨੂੰ ਜਲਦੀ ਹਸਪਤਾਲ ਵਿੱਚ ਦਾਖਿਲ ਕਰਵਾਉਣ ਲਈ ਕਿਹਾ। ਉਸੀ ਸਮੇਂ ਸਤਿਗੁਰੂ ਬਾਬਾ ਜੀ ਨੇ ਮਾਤਾ ਸਵਿੰਦਰ ਜੀ ਨੂੰ ਕਿਹਾ ਕਿ ਇਸ ਬੱਚੀ ਨੂੰ ਹਸਪਤਾਲ ਲੈ ਕੇ ਜਾਓ। ਸਤਿਸੰਗ ਦਾ ਸਮਾਂ ਹੋ ਰਿਹਾ ਹੈ, ਦਾਸ ਸਤਿਸੰਗ ਜਾ ਰਿਹਾ ਹੈ।

ਦੁਨੀਆਂ ਵਿੱਚ ਕੋਈ ਵੀ ਘਟਨਾ ਹੋ ਰਹੀ ਹੋਵੇ, ਕੁਝ ਵੀ ਹਾਲਾਤ ਬਣ ਰਹੇ ਹੋਣ, ਬਾਬਾ ਹਰਦੇਵ ਸਿੰਘ ਜੀ ਨੇ ਪਰਿਵਾਰ ਦਾ ਬਹੁਤ ਖ਼ਿਆਲ ਰੱਖਿਆ ਪਰ ਪਹਿਲ ਹਮੇਸ਼ਾ ਸਤਿਸੰਗ ਨੂੰ ਹੀ ਦਿੱਤੀ। ਮਾਤਾ ਸਵਿੰਦਰ ਜੀ ਦਾਸੀ ਨੂੰ ਹਸਪਤਾਲ ਲੈ ਕੇ ਗਏ, ਦਾਖਿਲ ਕਰਵਾਇਆ। ਦਾਸੀ ਦੇ ਕੋਲ ਇਕ ਘੰਟਾ ਬੈਠਣ ਦੇ ਬਾਅਦ ਉਨ੍ਹਾਂ ਨੇ ਕਿਹਾ ਕਿ ਸਤਿਸੰਗ ਖ਼ਤਮ ਹੋਣ ਵਿੱਚ ਇਕ ਘੰਟਾ ਬਚਿਆ ਹੈ, ਮੈਂ ਵੀ ਸਤਿਸੰਗ ਵਿੱਚ ਜਾ ਰਹੀ ਹਾਂ।

ਉਸ ਸਮੇਂ ਵੀ ਬਾਬਾ ਜੀ ਅਤੇ ਮਾਤਾ ਜੀ ਨੇ ਮਾਂ-ਬਾਪ ਦੇ ਰੂਪ ਵਿੱਚ ਵੀ ਸਤਿਸੰਗ ਦੀ ਹੀ ਪ੍ਰੇਰਣਾ ਦਿੱਤੀ। ਦਾਤਾਰ ਕਰੇ, ਹਰ ਘਰ ਵਿੱਚ ਇਹੀ ਸਿੱਖਿਆ ਕਾਇਮ ਰਹੇ ਅਤੇ ਪਰਿਵਾਰ ਵਿੱਚ ਵੀ ਪ੍ਰੇਰਣਾ ਬਣੀ ਰਹੇ ਕਿ ਸਤਿਸੰਗ ਮਾਂ ਹੀ ਸਭ ਤੋਂ ਮਹੱਤਵਪੂਰਣ ਹੈ।

ਸਮਾਗਮ ਵਿੱਚ ਦਿੱਲੀ, ਐਨ.ਸੀ.ਆਰ. ਅਤੇ ਆਲੇ-ਦੁਆਲੇ ਦੇ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰ ਹੋ ਕੇ ਸਤਿਗੁਰੂ ਦੇ ਦੈਵੀ-ਦਰਸ਼ਨ ਅਤੇ ਪਾਵਨ ਅਸ਼ੀਰਵਾਦ ਪ੍ਰਾਪਤ ਕੀਤੇ।

ਅਨੇਕਾਂ ਬੁਲਾਰਿਆਂ, ਮੁੱਖ ਰੂਪ ਵਿਚ ਸਰਵਸ਼੍ਰੀ ਪੁਰਸ਼ੋਤਮ, ਸ਼੍ਰੀ ਬੰਟੀ, ਸ਼੍ਰੀ ਵਿਨੋਦ ਗੰਧਰਵ, ਸੀ.ਐਲ.ਗੁਲਾਟੀ, ਹਰਦੀਪ ਐਂਡ ਸਾਥੀ, ਸ਼ੰਭੂ ਮਸਤਾਨਾ, ਭੈਣ ਕੁਸੁਮ, ਸ਼੍ਰੀ ਭਾਸ਼ੀ ਮੁਲਤਾਨੀ, ਭੈਣ ਸੰਪ੍ਰੀਤੀ, ਭੈਣ ਬਿੰਦੀਆ ਛਾਬੜਾ, ਖੁਸ਼ਵੰਤ ਸੇਠੀ ਆਦਿ ਨੇ ਆਪਣੇ ਭਾਵ ਗੀਤ, ਕਵਿਤਾ ਅਤੇ ਵਿਖਿਆਨਾਂ ਰਾਹੀਂ ਪ੍ਰਗਟ ਕੀਤੇ। ਸ਼੍ਰੀ ਰਾਕੇਸ਼ ਮੁਟਰੇਜਾ ਨੇ ਜ਼ਰੂਰੀ ਜਾਣਕਾਰੀਆਂ ਦਿੱਤੀਆਂ। ਸ਼੍ਰੀ ਰੋਸ਼ਨ ਦੇਹਲਵੀ ਨੇ ਮੰਚ ਸੰਚਾਲਨ ਕੀਤਾ।

ਸੁੰਦਰ ਵਿਵਹਾਰ ਅਤੇ ਸਮਰਪਿਤ ਭਾਵ ਨਾਲ ਸੇਵਾ ਕਰੀਏ

ਦਿੱਲੀ, 21 ਫਰਵਰੀ। ਗਰਾਊਂਡ ਨੰ.2 ਦਿੱਲੀ ਵਿਖੇ ਨਿਰੰਕਾਰੀ ਸੇਵਾਦਲ ਸਿੰਪੋਜੀਯਮ (NSS) ਦਾ ਵਿਸ਼ਾਲ ਆਯੋਜਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਛੱਤਰਛਾਇਆ ਹੇਠ ਸ਼ੁਰੂ ਹੋਇਆ। ਸਿੰਪੋਜੀਯਮ ਦੇ ਪਹਿਲੇ ਦਿਨ ਦਾ ਸ਼ੁਭਆਰੰਭ ਸਤਿਗੁਰੂ ਮਾਤਾ ਜੀ ਨੇ ਆਪਣੇ ਦੈਵੀ ਕਰ-ਕਮਲਾਂ ਰਾਹੀਂ ਝੰਡਾ ਲਹਿਰਾ ਕੇ ਸ਼ਾਂਤੀ ਦੇ ਪ੍ਰਤੀਕ ਸਫੇਦ ਗੁਬਾਰਿਆਂ ਨੂੰ ਆਸਮਾਨ ਵਿੱਚ ਛੱਡਣ ਦੇ ਨਾਲ ਕੀਤਾ। ਇਸ ਅਵਸਰ ਤੇ ਪੂਰੇ ਨਿਰੰਕਾਰੀ ਸੇਵਾਦਲ ਵੱਲੋਂ ਸੰਤ ਨਿਰੰਕਾਰੀ ਸੇਵਾਦਲ ਦੇ ਮੈਂਬਰ ਇੰਚਾਰਜ਼ ਸ਼੍ਰੀ ਵੀ.ਡੀ.ਨਾਗਪਾਲ ਜੀ ਨੇ ਸਤਿਗੁਰੂ ਮਾਤਾ ਜੀ ਦਾ ਨਿੱਘਾ ਸਵਾਗਤ ਪ੍ਰੋਗਰਾਮ ਵਿੱਚ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਕੀਤਾ। ਹਿੱਸਾ ਲੈਣ ਵਾਲੇ ਸਾਰੇ ਮੈਂਬਰਾਂ ਨੇ ਅਲਗ-ਅਲਗ ਰੰਗਾਂ ਦੀਆਂ ਟੀ-ਸ਼ਰਟਸ ਪਾਈਆਂ ਹੋਈਆਂ ਸਨ। ਪ੍ਰੋਗਰਾਮ ਦਾ ਆਰੰਭ ਸੇਵਾਦਲ ਦੇ ਪ੍ਰਾਥਨਾ-ਗੀਤ 'ਹੇ ਸਤਿਗੁਰੂ, ਹੇ ਭਗਵਾਨ...' ਨਾਲ ਹੋਇਆ। ਇਸਦੇ ਬਾਅਦ ਨਿਰੰਕਾਰੀ ਸੇਵਾਦਲ ਸਿੰਪੋਜੀਯਮ ਗਾਨ 'ਸੁਖੋਂ ਕਾ ਦਵਾਰ' ਗਾਇਆ ਗਿਆ।

ਇਸ ਤੋਂ ਬਾਅਦ ਏਰੋਬਿਕਸ ਦੇ ਮਾਧਿਯਮ ਨਾਲ 'ਸੇਵਾ ਇਜ ਦ ਓਨਲੀ ਵੇ' ਭਾਵ ਗੁਰੂ-ਆਦੇਸ਼ ਦਾ ਨਿਸੁਆਰਥ ਪਾਲਨ ਹੀ ਸੇਵਾ ਕਰਨ ਦੀ ਵਿਧੀ' ਹੈ, ਦਾ ਸੰਦੇਸ਼ ਦਿੱਤਾ ਗਿਆ।

ਅਨੇਕਾਂ ਖੇਤਰੀ ਪੋਸ਼ਾਕਾਂ ਵਿੱਚ ਰਾਜਸਥਾਨੀ ਨਾਚ, ਮਰਾਠੀ ਲੇਜੀਅਮ, ਪੰਜਾਬ ਦੇ ਭਾਂਗੜਾ-ਗਿੱਦਾ ਨਾਚ ਦੇ ਰਾਹੀਂ ਸੇਵਾਦਲ ਨੇ ਸਤਿਗੁਰੂ ਅੱਗੇ ਪ੍ਰਾਥਨਾ ਕਰਦੇ ਹੋਏ ਇਹੀ ਭਾਵ ਪੇਸ਼ ਕੀਤੇ ਕਿ- ਸੇਵਾ ਦੀ ਇਹ ਮੋਂਹਦੀ ਹੱਥਾਂ ਤੇ ਇਵੇਂ ਹੀ ਸਜੀ ਰਹੇ। ਸਿਰਫ਼ ਗੱਲਾਂ ਨਾਲ ਨਹੀਂ ਬਲਕਿ ਅਪਣੇ ਸੁੰਦਰ ਵਿਵਹਾਰ ਅਤੇ ਸਮਰਪਿਤ ਭਾਵ ਨਾਲ ਸੇਵਾ ਕਰੀਏ। ਜੀਵਨ ਦੇ ਚਰਖੇ ਵਿੱਚ ਸੇਵਾ ਦੇ ਧਾਗੇ ਪਿਰੋਈਏ। ਜਦੋਂ ਵੀ ਸੇਵਾ ਦਾ ਆਦੇਸ਼ ਆਵੇ, ਹਮੇਸ਼ਾ 'ਹਾਂ ਜੀ' ਹੀ ਕਰੀਏ।

ਇਕ ਨ੍ਰਿਤ-ਨਾਟਿਕਾ ਰਾਹੀਂ ਦੱਸਿਆ ਗਿਆ ਕਿ ਸੇਵਾ ਦੇ ਅਨੇਕਾਂ ਕੰਮ ਕਰਦੇ ਹੋਏ ਬੁੱਲ੍ਹਾਂ ਤੇ ਸਿਮਰਨ ਅਤੇ ਮਨ ਵਿੱਚ ਸਤਿਗੁਰੂ ਦੀਆਂ ਸੇਵਾਵਾਂ ਦਾ ਅਹਿਸਾਸ ਰੱਖਣਾ ਹੈ।

ਡੰਬਲ ਅਤੇ ਡ੍ਰਿਲ ਦੀਆਂ ਅਨੇਕਾਂ ਕਸਰਤਾਂ ਨਾਲ ਸੇਵਾ ਵਿਚ ਬਲ ਤੇ ਸਮਰਪਣ ਦੀ ਜ਼ਰੂਰਤ ਨੂੰ ਦਰਸਾਇਆ ਗਿਆ। ਯੋਗ ਦੇ ਅਲਗ-ਅਲਗ ਆਸਨ ਅਤੇ ਮੁਦਰਾਵਾਂ ਰਾਹੀਂ ਜੀਵਨ ਵਿੱਚ ਸਿਹਤਮੰਦ ਤਨ-ਮਨ ਦੇ ਆਪਸੀ ਤਾਲਮੇਲ ਦੀ ਮਹੱਤਤਾ ਨੂੰ ਦਿਖਾਇਆ ਗਿਆ। ਮਾਰਚਿੰਗ ਗੀਤ ਦੀ ਧੁੰਨ ਤੇ ਅਨੇਕਾਂ ਯੂਨਿਟਾਂ ਦੇ ਬੈਂਡ ਤਾਲ-ਮੇਲ ਨਾਲ ਮਾਰਚ ਪਾਸਟ ਕਰਦੇ ਹੋਏ ਜਾ ਰਹੇ ਸਨ।

ਇਸ ਤੋਂ ਬਾਅਦ ਸਤਿਗੁਰੂ ਮਾਤਾ ਜੀ ਨੇ ਮੌਜੂਦ ਹਜ਼ਾਰਾਂ ਸੇਵਾਦਲ ਮੈਂਬਰਾਂ ਨੂੰ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ ਕਿਹਾ- ''ਅੱਜ ਨਿਰੰਕਾਰੀ ਸੇਵਾਦਲ ਸਿੰਪੋਜੀਯਮ ਦੇ ਖੇਡ ਵਾਲੇ ਦਿਨ ਆਪ ਸਭ ਦਿੱਲੀ ਐਨ.ਸੀ.ਆਰ. ਅਪਣੇ ਖੇਤਰ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਇਥੇ ਇਕੱਠੇ ਹੋਏ ਹਨ।''

ਰਜਿਸਟ੍ਰੇਸ਼ਨ ਤਾਂ ਬਹੁਤ ਹੋਈ ਪਰ ਉਨ੍ਹਾਂ ਵਿੱਚੋਂ ਕੁਝ ਟੀਮਾਂ ਨੂੰ ਅੱਜ ਮੌਕਾ ਮਿਲਿਆ, ਉਹ ਪਹੁੰਚੇ ਹਨ।

ਸਤਿਗੁਰੂ ਮਾਤਾ ਜੀ ਨੇ ਕਿਹਾ ਕਿ- ਸੇਵਾ ਦਾ ਜ਼ਜ਼ਬਾ ਸ਼ਰੀਰਕ ਤੰਦਰੁਸਤੀ ਦੇ ਰਾਹੀਂ ਹੀ ਸੰਭਵ ਹੈ। ਇਸ ਆਯੋਜਨ ਵਿੱਚ ਸਾਰਿਆਂ ਨੇ ਅਪਣਾ ਯੋਗਦਾਨ ਦਿੱਤਾ, ਜਿਸ ਨਾਲ ਇਹ ਰੂਪ ਨਿਖਰ ਕੇ ਆਇਆ। ਸਿੰਪੋਜੀਯਮ ਵਿੱਚ ਪੇਸ਼ਕਾਰੀਆਂ ਅਤੇ ਨਿਰਦੇਸ਼ਾਂ ਦੀਆਂ ਬਾਰੀਕੀਆਂ ਨੂੰ ਗ੍ਰਹਿਣ ਕਰਕੇ, ਵਰਦੀ ਦੀ ਜ਼ਿੰਮੇਦਾਰੀ ਦੇ ਨਾਲ ਸੇਵਾ ਨਿਭਾਉਣ ਵਾਲੀ ਗੱਲ ਸਮਝਣੀ ਜ਼ਰੂਰੀ ਹੈ।

ਪ੍ਰਵਚਨਾਂ ਦੇ ਬਾਅਦ, ਸਤਿਗੁਰੂ ਮਾਤਾ ਜੀ ਨੇ ਬੈਡਮਿੰਟਨ, ਕ੍ਰਿਕੇਟ, ਕਬੱਡੀ, ਖੋ-ਖੋ, 100 ਮੀਟਰ ਦੌੜ, ਬੋਰੀ ਦੌੜ ਆਦਿ ਖੇਡਾਂ ਦਾ ਖੁਦ ਅਵਲੋਕਨ ਕੀਤਾ। ਆਪ ਨੇ ਲੰਗਰ ਵਾਲੀ

ਥਾਂ ਤੇ ਜਾ ਕੇ ਵੀ ਸੇਵਾਦਾਰਾਂ ਨੂੰ ਅਸ਼ੀਰਵਾਦ ਪ੍ਰਦਾਨ ਕੀਤਾ। ਆਯੋਜਨ ਸਥਲ ਤੇ ਬੈਡਮਿੰਟਨ, ਸ਼ਾਂਟ-ਪੁਟ, ਗੋਲਾ-ਸੁੱਟਣਾ, ਲੰਬੀ ਕੁੱਦ, ਕ੍ਰਿਕੇਟ, ਵਾਲੀਬਾਲ, ਖੋ-ਖੋ, ਕਬੱਡੀ, 100 ਅਤੇ 400 ਮੀਟਰ ਦੌੜ ਆਦਿ ਦਾ ਆਯੋਜਨ ਕੀਤਾ ਗਿਆ ਸੀ। ਅਲਗ-ਅਲਗ ਉਮਰ ਦੇ ਸੈਂਕੜੇ ਪ੍ਰਤੀਯੋਗੀਆਂ ਨੇ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ। ਖੇਡਾਂ ਦੇ ਸੁੰਦਰ ਸੰਯੋਜਨ ਦੇ ਲਈ ਇਕ ਖੇਡ ਕੰਟਰੋਲ ਰੂਮ ਵੀ ਬਣਾਇਆ ਗਿਆ ਸੀ। ਖੇਡਾਂ ਦੇ ਲਗਭਗ 70 ਐਕਸਪ੍ਰਟ ਦਿੱਲੀ ਅਤੇ ਨੇੜਲੇ ਖੇਤਰਾਂ ਤੋਂ ਅਪਣੀਆਂ ਸੇਵਾਵਾਂ ਦੇਣ ਪਹੁੰਚੇ ਸਨ।

ਦੂਜਾ ਦਿਨ

ਦਿੱਲੀ, 22 ਫਰਵਰੀ। 'ਨਿਰੰਕਾਰੀ ਸੇਵਾਦਲ ਸਿੰਪੋਜੀਯਮ' ਦੇ ਦੂਜੇ ਦਿਨ ਦਿੱਲੀ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀਆਂ ਲਗਭਗ 50 ਸੇਵਾਦਲ ਯੂਨਿਟਾਂ ਨੇ ਹਿੱਸਾ ਲਿਆ।

ਹਜ਼ਾਰਾਂ ਦੀ ਗਿਣਤੀ ਵਿੱਚ ਸੇਵਾਦਲ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਅਤੇ ਮਿਊਜ਼ੀਯਮ ਸੇਵਾ ਦੇ ਸੇਵਾਦਾਰ ਸਵੇਰੇ ਅੱਠ ਵਜੇ ਹੀ ਆਯੋਜਨ ਸਥਲ ਤੇ ਪਹੁੰਚ ਗਏ ਸੀ। ਪ੍ਰੋਗਰਾਮ ਥੀਮ ਸੀ 'ਅਸੀਂ ਹਾਂ ਸੇਵਾਦਾਰ'। ਪ੍ਰੋਗਰਾਮ ਨੂੰ ਮੁੱਖ ਰੂਪ ਨਾਲ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਦੋਹਾਂ ਹਿੱਸਿਆਂ ਦੀਆਂ ਪੇਸ਼ਕਾਰੀਆਂ ਸਿੱਖਿਆਦਾਇਕ ਅਤੇ ਰੋਚਕ ਸਨ। ਨਿਰੰਕਾਰੀ ਸੇਵਾਦਲ ਦਾ ਇਤਿਹਾਸ' ਅਤੇ 'ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ' ਤੇ ਆਧਾਰਿਤ ਆਡੀਓ-ਵੀਡੀਓ ਪ੍ਰੇਜੈਂਟੇਸ਼ੰਸ ਨੇ ਦਰਸ਼ਕਾਂ ਦਾ ਗਿਆਨ ਵਧਾਇਆ। ਭਰਤਨਾਟਯਮ, ਖੇਤਰੀ ਨਾਚ ਆਦਿ ਪੇਸ਼ਕਾਰੀਆਂ ਰਾਹੀਂ ਸਮਰਪਣ ਦੇ ਭਾਵ ਨੂੰ ਦਰਸਾਇਆ ਗਿਆ। 'ਸੇਵਾ-ਸਿਮਰਨ-ਸਤਿਸੰਗ, 'ਨਿਰੰਕਾਰੀ ਬਣਨਾ' 'ਅਹਿਸਾਨ-ਦਇਆ-ਕ੍ਰਿਪਾ', 'ਤੇਰਾ ਇਕ ਆਸਰਾ ਹੋਵੇ', 'ਮੈਂ ਸੇ ਹਮ ਤੱਕ' ਆਦਿ ਪਰਿਚਰਚਾਵਾਂ ਰਾਹੀਂ ਕਈ ਜ਼ਰੂਰੀ ਮੁੱਦਿਆਂ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕੀਤਾ ਗਿਆ।' ਵਰਦੀ ਦਾ ਸਨਮਾਨ ਬਖਸ਼ੋ', 'ਮਿਸ਼ਨ ਦੇ ਨੌਜਵਾਨੋਂ' ਆਦਿ ਸੂਫੀ ਅਤੇ ਸੇਵਾ ਤੇ ਆਧਾਰਿਤ ਗੀਤ ਦਿਲ ਨੂੰ ਛੂਹ ਜਾਣ ਵਾਲੇ ਸਨ। 'ਪ੍ਰੇਮ ਰਤਨ, 'ਸੇਵਾ ਲਈ ਤਿਆਰ', 'ਕਾਦਰ ਅਤੇ ਕੁਦਰਤ' ਆਦਿ ਨਾਟਕ ਪੇਸ਼ਕਸ਼ ਦੇ ਜ਼ਰੀਏ ਮਹੱਤਵਪੂਰਣ ਵਿਸ਼ਿਆਂ ਦਾ ਦਿਲਚਸਪ ਚਿੱਤਰਾਂਕਣ ਹੋਇਆ।

ਅੱਜ ਵੀ ਇਹੀ ਸਿਖਣ ਨੂੰ ਮਿਲਿਆ ਕਿ ਆਪ ਇਹ ਨਹੀਂ ਕਹਿ ਸਕਦੇ ਕਿ ਜੋ ਵਰਦੀ ਵਿੱਚ ਹਨ, ਉਹੀ ਸੇਵਾ ਕਰ ਰਹੇ ਹਨ। ਗਿਆਨ ਦੇ ਬਾਅਦ ਅਸੀਂ ਨਿਰੰਕਾਰ ਦੇ ਨਾਲ ਜੁੜੇ ਹਾਂ ਤਾਂ ਜੀਵਨ ਦਾ ਪਲ-ਪਲ ਹੀ ਸੇਵਾ ਹੈ।

ਸੇਵਾ ਦੇ ਪ੍ਰਬੰਧ ਵਿੱਚ ਲੱਗੀਆਂ ਸੇਵਾਦਲ ਦੀ ਸਾਰੀਆਂ ਯੂਨਿਟਾਂ ਨੂੰ ਦਾਸੀ ਮੁਬਾਰਕਬਾਦ ਦੇਂਦੀ ਹੈ। ਦਾਤਾਰ ਸਾਰਿਆਂ ਤੇ ਕ੍ਰਿਪਾ ਕਰੇ ਕਿ ਹਰ ਸੁੱਖ ਸਭ ਦੀ ਝੋਲੀ ਵਿੱਚ ਆਏ। ਹਰ ਪਲ ਨੂੰ ਨਿਰੰਕਾਰ ਦੀ ਰਹਿਮਤ ਸਮਝ ਕੇ ਸਾਰੇ ਸ਼ੁਕਰਾਨੇ ਦੇ ਭਾਵ ਵਿੱਚ ਰਹਿਣ। ਦਾਤਾਰ ਕ੍ਰਿਪਾ ਕਰੇ ਕਿ ਸੇਵਾ ਦੇ ਨਾਲ-ਨਾਲ ਸਿਮਰਨ, ਸਤਿਸੰਗ ਦੇ ਪ੍ਰਤੀ ਵੀ ਸਭ ਦਾ ਜ਼ਜ਼ਬਾ ਅੱਗੇ ਤੋਂ ਅੱਗੇ ਵੱਧਦਾ ਚਲਾ ਜਾਏ। ਸਮਾਜਿਕ ਅਤੇ ਪ੍ਰੀਵਾਰਿਕ ਜ਼ਿੰਮੇਦਾਰੀਆਂ ਵੀ ਸਾਰੇ ਨਿਭਾਂਦੇ ਚਲੇ ਜਾਣ।

ਪ੍ਰੋਗਰਾਮ ਰਾਤ ਅੱਠ ਵਜੇ ਤੱਕ ਚਲਿਆ। ਪਹਿਲੇ ਦਿਨ ਦਾ ਮੰਚ ਸੰਚਾਲਨ ਸ਼੍ਰੀ ਅੰਕੁਰ ਉਪੱਲ ਅਤੇ ਭੈਣ ਰੀਨੂ ਨੇ ਕੀਤਾ। ਦੂਜੇ ਦਿਨ ਸ਼੍ਰੀ ਸੰਦੀਪ ਖੰਨਾ ਅਤੇ ਭੈਣ ਉਪਾਸਨਾ ਨੇ ਮੰਚ ਸੰਚਾਲਕ ਦੀ ਸੇਵਾ ਨਿਭਾਈ। ਸ਼੍ਰੀ ਰਾਕੇਸ਼ ਮੁਟਰੇਜਾ ਨੇ ਕੋਆਰਡੀਨੇਟਰ ਦੀ ਸੁੰਦਰ ਭੂਮਿਕਾ ਨਿਭਾਈ।

ਸਫ਼ਾਈ ਅਤੇ ਰੁੱਖ ਲਗਾਓ ਮੁਹਿੰਮ

ਦਿੱਲੀ, 23 ਫਰਵਰੀ। ਸਵੱਛ ਭਾਰਤ ਮੁਹਿੰਮ ਦੇ ਬ੍ਰਾਂਡ ਅੰਬੈਸਡਰ, ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਨੇ 23 ਫਰਵਰੀ 2020 ਨੂੰ ਪੂਰੇ ਭਾਰਤ ਦੇ ਸਰਕਾਰੀ ਹਸਪਤਾਲਾਂ ਵਿੱਚ ਮੇਗਾ ਸਫ਼ਾਈ ਮੁਹਿੰਮ ਦਾ ਆਯੋਜਨ ਕੀਤਾ। ਇਸ ਸਵੱਛਤਾ ਮੁਹਿੰਮ ਵਿੱਚ ਲਗਭਗ ਸਾਢੇ ਤਿੰਨ ਲੱਖ ਸੇਵਾਦਾਰਾਂ, ਸੇਵਾਦਲ ਅਤੇ ਸੰਤ ਨਿਰੰਕਾਰੀ ਮਿਸ਼ਨ ਦੇ ਮੈਂਬਰਾਂ ਦੀ ਮਦਦ ਨਾਲ 1320 ਹਸਪਤਾਲਾਂ ਦੇ ਭਵਨਾਂ, ਪੈਖ਼ਾਨਿਆਂ, ਜਲ ਨਿਕਾਸੀ ਖੇਤਰਾਂ ਅਤੇ ਪਾਰਕਾਂ ਵਿੱਚ ਸਵੱਛਤਾ ਮੁਹਿੰਮ ਚਲਾਈ ਗਈ।

ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿੱਚ 13 ਹਸਪਤਾਲਾਂ, ਡਾ. ਰਾਮ ਮਨੋਹਰ ਲੋਹੀਆ ਹਸਪਤਾਲ, ਸਫ਼ਦਰਜੰਗ ਹਸਪਤਾਲ, ਬਾਬਾ ਸਾਹਿਬ ਅੰਬੇਡਕਰ ਹਸਪਤਾਲ, ਜਗਪ੍ਰਵੇਸ਼ ਚੰਦਰ ਹਸਪਤਾਲ, ਲੋਕਨਾਇਕ ਜੈ-ਪ੍ਰਕਾਸ਼ ਨਾਰਾਇਣ ਹਸਪਤਾਲ, ਡਾ. ਹੇਡਗੇਵਾਰ ਆਰੋਗਯ ਸੰਸਥਾਨ, ਦੀਨ ਦਿਆਲ ਉਪਾਧਿਆਏ ਹਸਪਤਾਲ, ਗੁਰੂ ਤੇਗ ਬਹਾਦੁਰ ਹਸਪਤਾਲ, ਦੀਪ ਚੰਦ ਬੰਧੂ ਹਸਪਤਾਲ, ਸੰਜੈ ਗਾਂਧੀ ਹਸਪਤਾਲ, ਲਾਲ ਬਹਾਦੁਰ ਸ਼ਾਸਤਰੀ ਹਸਪਤਾਲ, ਪ੍ਰਾਇਮਰੀ ਹੈਲਥ ਸੈਂਟਰ ਮਹਿਰੌਲੀ, ਰੂਰਲ ਹੈਲਥ ਐਂਡ ਟ੍ਰੇਨਿੰਗ ਸੈਂਟਰ ਨਜਫਗੜ੍ਹ ਵਿੱਚ ਸਵੱਛਤਾ ਮੁਹਿੰਮ ਚਲਾਈ ਗਈ। ਇਸਦੇ ਇਲਾਵਾ ਕਈ ਸਾਰਵਜਨਿਕ ਪਾਰਕ ਵੀ ਇਸ ਸਫ਼ਾਈ ਮੁਹਿੰਮ ਵਿੱਚ ਸ਼ਾਮਿਲ ਕੀਤੇ ਗਏ ਜਿਥੇ ਸਵੇਰੇ 8 ਵਜੇ ਤੋਂ ਦੁਪਹਿਰ 1 ਵਜੇ ਤੱਕ ਸਫ਼ਾਈ ਕੀਤੀ ਗਈ।

ਧਿਆਨ ਰਹੇ, ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਜਨਮਦਿਵਸ ਦੇ ਮੌਕੇ ਤੇ ਫਾਊਂਡੇਸ਼ਨ ਰਾਹੀਂ 2003 ਤੋਂ ਸਵੱਛਤਾ ਅਤੇ ਰੁੱਖ ਲਗਾਓ ਮੁਹਿੰਮ ਚਲਾਈ ਜਾ ਰਹੀ ਹੈ। 2010 ਤੋਂ ਅਨੇਕਾਂ ਸਮਾਜਿਕ ਗਤੀਵਿਧੀਆਂ ਜਿਵੇਂ ਕਿ ਇਤਿਹਾਸਕ ਸਮਾਰਕਾਂ, ਸਮੁੰਦਰੀ ਤਟਾਂ ਅਤੇ ਨਦੀਆਂ, ਹਸਪਤਾਲਾਂ, ਸਾਰਵਜਨਿਕ ਸਥਾਨਾਂ ਅਤੇ ਵਿਸ਼ੇਸ਼ ਰੂਪ ਨਾਲ ਪ੍ਰਮੁੱਖ ਰੇਲਵੇ ਸਟੇਸ਼ਨਾਂ ਨੂੰ ਸਾਫ਼-ਸੁਥਰਾ ਬਣਾਉਣ ਦੇ ਲਈ ਪਿਛਲੇ 7 ਸਾਲਾਂ ਤੋਂ ਲਗਾਤਾਰ ਸਵੱਛਤਾ ਮੁਹਿੰਮ ਚਲਾਈ ਜਾ ਰਹੀ ਹੈ।

ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦਾ ਨਾਅਰਾ ਕਿ- ''ਜੀਵਨ ਦੀ ਸਾਰਥਕਤਾ ਤਦੇ ਹੈ, ਜਦੋਂ ਇਹ ਦੂਜਿਆਂ ਦੇ ਲਈ ਜੀਵਿਆ ਜਾਏ'' ਨੂੰ ਮੂਰਤ ਰੂਪ ਦੇਂਦੇ ਹੋਏ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਮਾਨਵ ਕਲਿਆਣ ਦੇ ਕਈ ਕੰਮ ਕਰ ਰਿਹਾ ਹੈ। ਬਾਬਾ ਹਰਦੇਵ ਸਿੰਘ ਜੀ ਦਾ ਕਹਿਣਾ ਸੀ ਕਿ- ''ਪ੍ਰਦੂਸ਼ਣ ਅੰਦਰ ਹੋਵੇ ਜਾਂ ਬਹਾਰ, ਦੋਨੋਂ ਹੀ ਹਾਨੀਕਾਰਕ ਹਨ''। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਮਾਰਗਦਰਸ਼ਨ ਅਤੇ ਅਸ਼ੀਰਵਾਦ ਨਾਲ ਮਾਨਵ ਵਿੱਚ ਈਸ਼ਵਰ-ਅੰਸ਼ ਨੂੰ ਜਾਣ ਕੇ ਫਾਊਂਡੇਸ਼ਨ ਦੀਆਂ ਸਾਰੀਆਂ ਸਮਾਜਿਕ ਗਤੀਵਿਧੀਆਂ ਨੂੰ ਨਿਯਮਿਤ ਰੂਪ ਨਾਲ ਕੀਤਾ ਜਾਂਦਾ ਹੈ।

ਆਨ ਲਾਈਨ ਗਿਆਨ ਚਰਚਾ

ਸਮੇਂ ਦਾ ਪਹੀਆ ਬੜੀ ਤੇਜ਼ੀ ਨਾਲ ਘੁੰਮਦਾ ਹੈ। ਜੋ ਅੱਜ ਹੈ ਕਲ ਉਹ ਅਤੀਤ ਹੋ ਜਾਂਦਾ ਹੈ। ਕੁਝ ਸਮੇਂ ਬਾਅਦ ਫਿਰ ਉਹੀ ਪੁਰਾਣੀਆਂ ਚੀਜ਼ਾਂ ਸਾਹਮਣੇ ਆ ਜਾਂਦੀਆਂ ਹਨ। ਇਸ ਸਮੇਂ ਮਿਸ਼ਨ ਵਿੱਚ ਆਨਲਾਈਨ ਗਿਆਨ ਚਰਚਾ ਦਾ ਜ਼ੋਰ ਹੈ। ਲਾਕਡਾਊਨ ਵਿੱਚ ਕਿਧਰੇ ਆਉਣਾ ਜਾਣਾ ਸੰਭਵ ਨਹੀਂ ਹੈ, ਲੋਕ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ ਹਨ। ਲਗਾਤਾਰ ਸਤਿਸੰਗ ਦਾ ਸਵਰੂਪ ਰੁਕਣ ਨਾਲ ਮਨਾਂ ਵਿੱਚ ਬੇਚੈਨੀ ਹੋਣਾ ਸੁਭਾਵਿਕ ਹੈ। ਜਿਸ ਤਰ੍ਹਾਂ ਭੋਜਨ ਕੀਤੇ ਬਿਨਾਂ ਭੁੱਖ ਅਤੇ ਪਾਣੀ ਪੀਤੇ ਬਿਨਾ ਪਿਆਸ ਨਹੀਂ ਮਿਟਦੀ ਇੰਜ ਹੀ ਜਦੋਂ ਤੱਕ ਸਤਿਸੰਗ ਨਹੀਂ ਮਿਲਦਾ ਉਦੋਂ ਤੱਕ ਮਨ ਵੀ ਅਸ਼ਾਂਤ ਰਹਿੰਦਾ ਹੈ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਭਗਤਾਂ ਦੀ ਵਿਥਿਆ ਸੁਣੀ ਅਤੇ ਅਸਥਾਈ ਵਿਵਸਥਾ ਦੇ ਰੂਪ ਵਿੱਚ ਆਨਲਾਈਨ ਗਿਆਨ ਚਰਚਾ ਕਰਨ ਦੀ ਵਿਵਸਥਾ ਸਾਹਮਣੇ ਆਈ।

ਪ੍ਰਚਾਰ ਵਿਭਾਗ ਦੇ ਮਾਰਗਦਰਸ਼ਨ ਹੇਠ ਪੂਰੇ ਵਿਸ਼ਵ ਵਿੱਚ ਜ਼ੂਮ ਐਪ ਤੇ ਗਿਆਨ ਚਰਚਾ ਦਾ ਸਿਲਸਿਲਾ ਜ਼ਾਰੀ ਹੈ, ਜਿੱਥੇ ਇਸ ਨਾਲ ਜੁੜ ਕੇ ਭਗਤਜਨ ਹਰੀ-ਚਰਚਾ ਕਰਦੇ ਹਨ। ਇਸ ਤਰ੍ਹਾਂ ਗੀਤਾਂ, ਵਿਚਾਰਾਂ ਰਾਹੀਂ ਗੁਰੂ ਦੀ ਰਹਿਮਤ ਲੈਣ ਦਾ ਆਨੰਦ ਭਗਤਜਨ ਲੈ ਰਹੇ ਹਨ। ਇਸ ਸਮੇਂ ਵਿੱਚ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਦਾ ਸਮਾਂ ਯਾਦ ਆਉਂਦਾ ਹੈ ਜਦੋਂ ਸਤਿਸੰਗ ਵਿੱਚ ਮਹਾਂਪੁਰਸ਼ਾਂ ਦੀ ਗਿਣਤੀ ਬਹੁਤ ਘੱਟ ਹੋਇਆ ਕਰਦੀ ਸੀ। ਕਈ ਥਾਂਵਾਂ ਤੇ ਤਾਂ ਮਹਾਪੁਰਸ਼ ਦੇ ਇਕ ਕਮਰੇ ਦੇ ਘਰ ਹੁੰਦੇ ਸਨ। ਕਮਰੇ ਦਾ ਸਾਰਾ ਸਾਮਾਨ ਇਕ-ਇਕ ਕਰਕੇ ਪਹਿਲਾਂ ਬਾਹਰ ਕੱਢ ਕੇ ਰੱਖਿਆ ਜਾਂਦਾ ਫਿਰ ਸਤਿਸੰਗ ਹੁੰਦੀ ਅਤੇ ਅੰਤ ਵਿੱਚ ਸਾਮਾਨ ਘਰ ਵਿੱਚ ਵਾਪਿਸ ਲਿਆ ਕੇ ਰੱਖਿਆ ਜਾਂਦਾ ਸੀ। ਉਸ ਜ਼ਮਾਨੇ ਵਿੱਚ ਕਮਰੇ ਵਿੱਚ ਸੰਗਤਾਂ ਹੋਈਆਂ ਅਤੇ ਅੱਜ ਫਿਰ ਅਜਿਹਾ ਸਮਾਂ ਆਇਆ ਕਿ ਮਹਾਤਮਾ ਕਮਰੇ ਵਿੱਚ ਬੈਠ ਕੇ ਮੋਬਾਇਲ ਦੇ ਸਾਹਮਣੇ ਅਪਣੇ ਭਾਵ ਪ੍ਰਗਟ ਕਰਦੇ ਹਨ। ਐਪ ਨਾਲ ਜੁੜੇ ਸਾਰੇ ਮਹਾਤਮਾ ਅਪਣੇ-ਅਪਣੇ ਘਰਾਂ ਵਿੱਚ ਹੀ ਗਿਆਨ ਚਰਚਾ ਦਾ ਆਨੰਦ ਲੈਂਦੇ ਹਨ। ਸੇਵਾ, ਸਿਮਰਨ, ਸਤਿਸੰਗ, ਮਰਯਾਦਾ, ਵਿਸ਼ਵਾਸ, ਗੁਰਮੱਤ, ਰੂਹਾਨੀ ਗੱਲਾਂ ਆਦਿ ਕਿੰਨੇ ਹੀ ਵਿਸ਼ੇ ਦਾ ਸੁੰਦਰ ਰੂਪ ਆਨਲਾਈਨ ਗਿਆਨ ਚਰਚਾ ਵਿੱਚ ਪ੍ਰਗਟ ਹੁੰਦਾ ਹੈ।

ਇਕ ਛੋਟੀ-ਜਿਹੀ ਬੱਚੀ ਨੇ ਆਪਣੇ ਭਾਵ ਰੱਖਦੇ ਹੋਏ ਕਿਹਾ- ਸਤਿਗੁਰੂ ਮਾਤਾ ਜੀ ਸਾਨੂੰ ਪਿਆਰ ਨਾਲ ਅਸ਼ੀਰਵਾਦ ਦਿੰਦੇ ਹਨ ਅਤੇ ਮਹਾਤਮਾ ਇਕ-ਦੂਜੇ ਨੂੰ ਪਿਆਰ ਨਾਲ ਅਸ਼ੀਰਵਾਦ ਦੇਂਦੇ ਹਨ ਇਸਲਈ ਅਸੀਂ ਪਰੇਸ਼ਾਨ ਨਹੀਂ ਹਾਂ। ਸਤਿਗੁਰੂ ਮਾਤਾ ਜੀ ਕ੍ਰਿਪਾ ਕਰੋ ਇਹ ਕਰੋਨਾ ਭੱਜ ਜਾਵੇ ਅਤੇ ਅਸੀਂ ਪਹਿਲਾਂ ਦੀ ਤਰ੍ਹਾਂ ਸਤਿਸੰਗ ਕਰ ਸਕੀਏ।

ਸਿਖਸ਼ਕ, ਸਿੱਖਿਆ ਦੇ ਨਾਲ ਮਾਨਵੀ ਗੁਣ ਵੀ ਪ੍ਰਦਾਨ ਕਰਨ

-ਸਤਿਗੁਰੂ ਮਾਤਾ ਸੁਦੀਕਸ਼ਾ ਜੀ

ਸੋਹਨਾ (ਗੁਰੂਗ੍ਰਾਮ), 15 ਫਰਵਰੀ। ਨਿਰੰਕਾਰੀ ਬਾਬਾ ਗੁਰਬਚਨ ਸਿੰਘ ਮੈਮੋਰੀਅਲ ਕਾਲਿਜ, ਸੋਹਨਾ ਦੇ ਸਾਲਾਨਾ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਕਿਹਾ ਕਿ ਸੰਸਾਰ ਵਿੱਚ ਭੌਤਿਕ ਵਸਤੂਆਂ ਕੇਵਲ ਆਰਾਮ ਲਈ ਹੁੰਦੀਆਂ ਹਨ ਜਿਨ੍ਹਾਂ ਦਾ ਸਦਉਪਯੋਗ ਕਰਨਾ ਚਾਹੀਦਾ ਹੈ ਨਾ ਕਿ ਦੁਰਉਪਯੋਗ। ਸਿਖਸ਼ਿਕਾਂ ਨੂੰ ਸਿੱਖਿਆਂ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਮਾਨਵੀਂ ਗੁਣ ਵੀ ਪ੍ਰਦਾਨ ਕਰਨੇ ਚਾਹੀਦੇ ਹਨ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਕਾਲਿਜ ਟਾਈ ਅਤੇ ਐਕਸੀਲੈਂਸ ਟਾਈ ਦਾ ਵਿਮੋਚਨ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਪੱਧਰ ਤੇ ਮੈਰਿਟ ਸੂਚੀ ਵਿਚ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਅਤੇ ਮਹਾਂਰਿਸ਼ੀ ਦਇਆਨੰਦ ਯੂਨੀਵਰਸਿਟੀ, ਯੂਨੀਵਰਸਿਟੀ, ਲੇਵਲ ਤੇ ਹੋਏਮਹਾਂਉਤਸਵ ਦੇ ਵਿਜੇਤਾ ਵਿਦਿਆਰਥੀਆਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

ਸਭ ਤੋਂ ਪਹਿਲਾਂ ਸਤਿਗੁਰੂ ਮਾਤਾ ਜੀ ਨੇ ਦੀਪ-ਜਗਾ ਕੇ ਪ੍ਰੋਗਰਾਮ ਦਾ ਆਰੰਭ ਕੀਤਾ। ਇਸ ਤੋਂ ਬਾਅਦ ਸੰਪੂਰਣ ਹਰਦੇਵ ਵਾਣੀ ਦਾ ਗਾਨ ਵਿਦਿਆਰਥੀਆਂ ਨੇ ਪੇਸ਼ ਕੀਤਾ। ਯੂਨੀਵਰਸਿਟੀ ਦੇ ਪ੍ਰਿੰਸੀਪਲ ਡਾ. ਐਮ. ਐਸ. ਖਤਰੀ ਜੀ ਨੇ ਸਾਲਾਨਾ ਰਿਪੋਰਟ ਪੇਸ਼ ਕੀਤੀ। ਇਸਦੇ ਬਾਅਦ ਸ਼੍ਰੀ ਆਰ. ਐਸ. ਮਿਨਹਾਸ ਜੀ, (ਪ੍ਰਧਾਨ, ਪ੍ਰਬੰਧਕ ਕਮੇਟੀ) ਸਤਿਗੁਰੂ ਮਾਤਾ ਜੀ ਅਤੇ ਹੋਰ ਪੱਤਵੰਤੇ ਵਿਅਕਤੀਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜੀਵਨ ਵਿਚ ਸਿੱਖਿਆ ਦੇ ਮੁੱਲਾਂ ਅਤੇ ਮਾਨਵਤਾ ਦੇ ਬਾਰੇ ਵਿਚ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਵਿਦਿਆਰਥੀਆਂ ਨੇ 'ਹਰਿਆਣਵੀਂ ਨਾਚ' ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪ੍ਰੋਗਰਾਮ ਦੇ ਦੈਵੀ ਸਮਾਪਨ ਤੇ ਸਾਰੇ ਪ੍ਰਤੀਭਾਗੀਆਂ ਨੇ ਮਿਲ ਕੇ ਇਕ ਸਮੂਹਿਕ ਗਾਨ ਪੇਸ਼ ਕੀਤਾ। ਇਸ ਤੋਂ ਬਾਅਦ ਰਾਸ਼ਟਰਗਾਨ ਦੇ ਨਾਲ ਪ੍ਰੋਗਰਾਮ ਦਾ ਸਮਾਪਨ ਹੋਇਆ।

ਸਤਿਗੁਰੂ ਮਾਤਾ ਜੀ ਨੇ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਅਸ਼ੀਰਵਾਦ ਰਾਹੀਂ ਨਿਰਮਿਤ ਨਿਰੰਕਾਰੀ ਕਾਲਿਜ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਅਤੇ ਅਲਵਰ ਰੋਡ ਵਿਖੇ ਯੂਨੀਵਰਸਿਟੀ ਵਿੱਚ ਪੀ. ਜੀ.ਬਲਾਕ ਦਾ ਵੀ ਉਦਘਾਟਨ ਕੀਤਾ।

ਦੀਖਸ਼ਾਂਤ ਸਮਾਰੋਹ ਵਿਚ ਸ਼੍ਰੀ ਦੁਸ਼ਯੰਤ ਚੌਟਾਲਾ ਨੇ ਕਿਹਾ-

ਵਿਦਿਆਰਥੀ ਦੇਸ਼ ਸੇਵਾ ਦੇ ਲਕਸ਼ ਨੂੰ ਸਭ ਤੋਂ ਉਪਰ ਰੱਖਣ

ਸੋਹਨਾ (ਗੁਰੂਗ੍ਰਾਮ), 14 ਫਰਵਰੀ ਨੂੰ ਹੋਏ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼੍ਰੀ ਦੁਸ਼ਯੰਤ ਚੌਟਾਲਾ (ਉਪਮੁੱਖਮੰਤਰੀ, ਹਰਿਆਣਾ) ਸ਼ਾਮਿਲ ਹੋਏ। ਉਨ੍ਹਾਂ ਨੇ ਦੀਖਸ਼ਾਂਤ ਸਮਾਰੋਹ ਵਿੱਚ 140 ਵਿਦਿਆਰਥੀਆਂ ਨੂੰ ਬੀ.ਏ., ਬੀ.ਕਾਮ., ਬੀ.ਐਸ.ਸੀ., ਬੀ.ਬੀ.ਏ., ਬੀ.ਸੀ.ਏ., ਐਮ.ਏ. ਅਤੇ ਐਮ.ਕਾਮ. ਦੇ ਵਿਦਿਆਰਥੀਆਂ ਨੂੰ ਡਿਗਰੀ ਪ੍ਰਦਾਨ ਕੀਤੀ। ਇਸਦੇ ਇਲਾਵਾ, ਸਿੱਖਿਆ, ਖੇਡ ਅਤੇ ਸੰਸਕ੍ਰਿਤਕ ਗਤੀਵਿਧੀਆਂ ਦੇ ਖੇਤਰ ਵਿੱਚ ਉਤਕ੍ਰਿਸ਼ਟ ਪ੍ਰਦਰਸ਼ਨ ਕਰਨ

➔

➲ ਵਾਲੇ ਵਿਦਿਆਰਥੀਆਂ ਨੂੰ ਵੀ ਪੁਰਸਕਾਰ ਰਾਹੀਂ ਸਨਮਾਨਿਤ ਕੀਤਾ ਗਿਆ।

ਸੰਤ ਨਿਰੰਕਾਰੀ ਪਬਲਿਕ ਸਕੂਲਾਂ ਦੀ ਪ੍ਰਮੁੱਖ ਸ਼੍ਰੀਮਤੀ ਰਮਨ ਮਿਨਹਾਸ ਜੀ ਨੇ ਸ਼੍ਰੀ ਚੌਟਾਲਾ ਨੂੰ ਇਕ ਬੂਟਾ ਭੇਂਟ ਕੀਤਾ।

ਸ਼੍ਰੀ ਚੌਟਾਲਾ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਆਪਣੇ ਗਿਆਨ ਦੇ ਅੱਗੇ ਵੱਧਣ ਅਤੇ ਸੇਵਾ ਅਤੇ ਬਲੀਦਾਨ ਦੇ ਮਹਾਨ ਕੀਮਤਾਂ ਨੂੰ ਅਪਨਾਉਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਕਿਹਾ ਕਿ ਅਪਣੇ ਦੇਸ਼ ਦੀ ਸੇਵਾ ਦਾ ਉਦੇਸ਼ ਨੂੰ ਧਿਆਨ ਵਿੱਚ ਰੱਖੇ ਬਿਨਾ ਸਿੱਖਿਆ ਅਧੂਰੀ ਹੈ।

ਕਾਰਜ਼ਕਾਰੀ ਕਮੇਟੀ ਦੇ ਅਧਿਅਕਸ਼ ਸ਼੍ਰੀ ਆਰ. ਐਸ. ਮਿਨਹਾਸ ਨੇ ਮੁੱਖ ਮਹਿਮਾਨ ਸ਼੍ਰੀ ਦੁਸ਼ਯੰਤ ਚੌਟਾਲਾ ਨੇ ਪੁਸ਼ਪ ਗੁੱਛੇ ਰਾਹੀਂ ਸਵਾਗਤ ਕੀਤਾ। ਗਵਰਨਿੰਗ ਬਾਡੀ ਦੇ ਮਹਾਂਸਕੱਤਰ, ਸ਼੍ਰੀ ਐਸ.ਐਸ.ਸੇਠੀ ਨੇ ਪਿਛਲੇ ਸਾਲਾਂ ਵਿੱਚ ਕਾਲਿਜ ਵਿੱਚ ਹੋਏ ਵਿਕਾਸ ਤੇ ਅਪਣੀ ਰਿਪੋਰਟ ਪੇਸ਼ ਕੀਤੀ। ਕਾਲਿਜ ਦੇ ਪ੍ਰਿੰਸਿਪਲ ਡਾ. ਐਮ. ਐਸ. ਖਤਰੀ ਨੇ ਗਤੀਵਿਧੀਆਂ ਦੇ ਖੇਤਰ ਵਿੱਚ ਹੋਏ ਉਥੱਾਨ ਦਾ ਵਰਣਨ ਕੀਤਾ।

ਸ਼੍ਰੀ ਸੁਲੇਖ 'ਸਾਥੀ' ਜੀ ਪਤ੍ਰਿਕਾ ਵਿਭਾਗ ਦੇ ਪ੍ਰਬੰਧ ਸੰਪਾਦਕ ਮਨੋਨੀਤ

ਦਿੱਲੀ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਸੰਤ ਨਿਰੰਕਾਰੀ ਮੰਡਲ ਦੇ ਪਤ੍ਰਿਕਾ ਵਿਭਾਗ ਦਾ ਪ੍ਰਬੰਧ ਸੰਪਾਦਕ ਸ਼੍ਰੀ ਸੁਲੇਖ 'ਸਾਥੀ' ਜੀ ਨੂੰ ਮਨੋਨੀਤ ਕੀਤਾ ਗਿਆ ਹੈ। ਆਪ ਵਰਤਮਾਨ ਵਿੱਚ 'ਸੰਤ ਨਿਰੰਕਾਰੀ, ਹੰਸਤੀ ਦੁਨੀਆ ਅਤੇ ਏਕ ਨਜ਼ਰ' ਪੰਜਾਬੀ ਦੇ ਸੰਪਾਦਕ ਦੀ ਜ਼ਿੰਮੇਦਾਰੀ ਨਿਭਾ ਰਹੇ ਹਨ, ਇਹ ਸੇਵਾ ਵੀ ਆਪ ਕਰਦੇ ਰਹਿਣਗੇ।

ਸੰਤ ਨਿਰੰਕਾਰੀ ਮੰਡਲ ਦੇ ਮਹਾਂਸਕੱਤਰ ਸ਼੍ਰੀ ਪੀ.ਐਸ.ਚੀਮਾ ਜੀ ਨੇ ਪ੍ਰਚਾਰ, ਪ੍ਰਕਾਸ਼ਨ-ਪਤ੍ਰਿਕਾ ਅਤੇ ਪ੍ਰੈਸ-ਪਬਲਿਸਿਟੀ ਵਿਭਾਗ ਨੂੰ ਭੇਜੇ ਇਕ ਪਰਿਪੱਤਰ ਵਿੱਚ ਇਹ ਜਾਣਕਾਰੀ ਦਿੱਤੀ। ਸ਼੍ਰੀ ਸਾਥੀ ਜੀ ਨੂੰ ਪਤ੍ਰਿਕਾ ਵਿਭਾਗ ਦੇ ਸੰਪਾਦਕੀ ਅਤੇ ਪ੍ਰਸ਼ਾਸਨਿਕ ਕੰਮਾਂ ਦੇ ਇਲਾਵਾ ਪੱਤਰ-ਪਤ੍ਰਿਕਾਵਾਂ ਦੇ ਸਮੇਂ ਤੇ ਡਿਸਪੈਚ ਦੀ ਵਿਵਸਥਾ ਯਕੀਨੀ ਬਣਾਉਣ ਅਤੇ ਵਿਭਿੰਨ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀ ਸੰਤ ਨਿਰੰਕਾਰੀ ਦੇ ਲੇਖਕਾਂ ਨਾਲ ਸੰਪਰਕ ਕਰਨ ਦੀ ਜ਼ਿੰਮੇਦਾਰੀ ਵੀ ਦਿੱਤੀ ਗਈ ਹੈ। ਪਰਿਪੱਤਰ ਦੇ ਅਨੁਸਾਰ ਸ਼੍ਰੀ ਹਰਜੀਤ ਨਿਸ਼ਾਦ ਜੀ ਹੁਣ ਕੇਵਲ ਸੰਤ ਨਿਰੰਕਾਰੀ 'ਹਿੰਦੀ' ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣਗੇ ਅਤੇ ਵਿਭਿੰਨ ਭਾਸ਼ਾਵਾਂ ਦੀਆਂ ਨਿਰੰਕਾਰੀ ਪਤ੍ਰਿਕਾਵਾਂ ਦੇ ਤਾਲਮੇਲ ਦਾ ਕੰਮ ਕਰਨਗੇ।

(ਪੰਨਾ 35 ਦਾ ਬਾਕੀ ਹਿੱਸਾ)

ਜੂਝਣ ਦੇ ਲਈ ਵਧੇਰੇ ਥਾਂ ਉਪਲੱਭਧ ਕਰਵਾਈ ਗਈ। ਸੰਤ ਨਿਰੰਕਾਰੀ ਪਬਲਿਕ ਸਕੂਲ, ਗੋਬਿੰਦਪੁਰੀ, (ਦਿੱਲੀ) ਅਤੇ ਸੰਤ ਨਿਰੰਕਾਰੀ ਬਾਲ ਸਕੂਲ, ਦਿੱਲੀ ਵਿੱਚ ਖਾਣਾ ਪਕਾ ਕੇ ਵੰਡਿਆ ਗਿਆ। ਬਾਬਾ ਗੁਰਬਚਨ ਸਿੰਘ ਕਾਲਿਜ ਸੋਹਨਾ, ਹਰਿਆਣਾ ਨੂੰ ਕੋਰੇਂਟਾਇਨ ਕੇਂਦਰ ਬਣਾਇਆ ਗਿਆ। 5000 ਸੇਵਾਦਾਰਾਂ ਰਾਹੀਂ ਡੇਢ ਲੱਖ ਲੋਕਾਂ ਤੱਕ ਖਾਣ ਦਾ ਰਾਸ਼ਨ ਪਹੁੰਚਾਇਆ ਗਿਆ। ਕਈ ਰਾਜਾਂ ਵਿੱਚ ਸਥਾਨਕ ਪ੍ਰਸ਼ਾਸਨ ਦੇ ਨਾਲ ਮਿਲ ਕੇ ਪ੍ਰਵਾਸੀ ਮਜ਼ਦੂਰਾਂ ਨੂੰ ਪੈਕ ਖਾਣਾ, ਪਾਣੀ ਦੀਆਂ ਬੋਤਲਾਂ, ਬਿਸਕੁਟ, ਦੁੱਧ ਆਦਿ ਉਪਲੱਭਧ ਕਰਵਾਇਆ ਗਿਆ। ਰੇਲ ਯਾਤਰੀਆਂ ਨੂੰ ਵੀ ਇਹ ਸੁਵਿਧਾ ਉਪਲੱਭਧ ਕਰਵਾਈ ਗਈ। ਪੁਲੀਸ ਅਤੇ ਸੁਰੱਖਿਆ ਕਰਮੀਆਂ ਨੂੰ, ਜੋ ਪੀੜਿਤਾਂ ਦੀ ਸੇਵਾ ਕਰ ਰਹੇ ਸਨ, ਚਾਹ-ਪਾਣੀ, ਨਾਸ਼ਤਾ ਉਪਲੱਭਧ ਕਰਵਾਇਆ ਗਿਆ। ਸੋਸ਼ਲ ਮੀਡੀਆ, ਫੇਸਬੁਕ, ਟਵੀਟਰ, ਇੰਸਟ੍ਰਾਗ੍ਰਾਮ ਆਦਿ ਤੇ ਜਾਗਰੂਕਤਾ ਮੁਹਿੰਮ ਚਲਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

ਇਕ ਆਨਲਾਈਨ ਸਿਹਤ ਸੇਵਾ ਸ਼ੁਰੂ ਕੀਤੀ ਗਈ ਜਿਥੇ 10000 ਤੋਂ ਜ਼ਿਆਦਾ ਲੋਕਾਂ ਦੇ ਸੁਆਲਾਂ ਦੇ ਉਤੱਰ ਦਿੱਤੇ ਗਏ। ਬਜ਼ੁਰਗ ਆਸ਼ਰਮ ਅਤੇ ਕੁਸ਼ਟ ਰੋਗੀਆਂ ਤੱਕ ਵੀ ਜ਼ਰੂਰੀ ਮਦਦ ਪਹੁੰਚਾਈ ਗਈ।

ਦਿੱਲੀ, ਹਰਿਆਣਾ, ਉਤੱਰਾਖੰਡ, ਮਹਾਂਰਾਸ਼ਟਰ, ਮੱਧ-ਪ੍ਰਦੇਸ਼, ਰਾਜਸਥਾਨ, ਗੁਜਰਾਤ, ਚੰਡੀਗੜ੍ਹ, ਬਿਹਾਰ, ਪੰਜਾਬ, ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤੱਰ ਪ੍ਰਦੇਸ਼, ਕਰਨਾਟਕ, ਤੇਲਗਾਂਨਾ, ਆਂਧਰਪ੍ਰਦੇਸ਼, ਕੇਰਲ, ਪੱਛਮੀ ਬੰਗਾਲ ਸਮੇਤ ਭਾਰਤ ਦੇ ਲਗਭਗ ਹਰ ਰਾਜ ਵਿੱਚ 9 ਹਫ਼ਤੇ ਤੋਂ ਸਹਾਇਤਾ ਗਤੀਵਿਧੀਆਂ ਲਗਾਤਾਰ ਜ਼ਾਰੀ ਹਨ।

ਪੁਲੀਸ ਪ੍ਰਸ਼ਾਸਨ ਦੇ ਵੱਡੇ ਅਧਿਕਾਰੀਆਂ ਨੇ ਮਿਸ਼ਨ ਦੀਆਂ ਸੇਵਾਵਾਂ ਦੀ ਪੂਰੀ-ਪੂਰੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਸੀਂ ਪੁਲੀਸ ਵਾਲੇ ਜਨਤਾ ਦੀ ਸੇਵਾ ਵਿੱਚ ਲੱਗੇ ਹੋਏ ਹਾਂ, ਅਜਿਹੇ ਸਮੇਂ ਵਿੱਚ ਮਿਸ਼ਨ ਦੇ ਸੇਵਾਦਾਰ ਸਾਡੀ ਸੇਵਾ ਕਰ ਰਹੇ ਹਨ, ਸਾਡੇ ਪੁਲੀਸ ਸਟੇਸ਼ਨਾਂ, ਦਫ਼ਤਰਾਂ ਨੂੰ ਸੈਨੇਟਾਈਜ ਕਰ ਰਹੇ ਹਨ, ਅਸੀਂ ਇਸ ਸੇਵਾ ਦੇ ਲਈ ਹਿਰਦੇ ਤੋਂ ਧੰਨਵਾਦੀ ਹਾਂ। ਡੀ.ਐਮ., ਐਸ.ਡੀ.ਐਮ., ਤਹਿਸੀਲਦਾਰ, ਨਗਰ ਪਾਲਿਕਾ ਦੇ ਪ੍ਰਬੰਧਕਾਂ ਨੇ ਵੀ ਇਨ੍ਹਾਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਪ੍ਰਧਾਨਮੰਤਰੀ ਸ਼੍ਰੀ ਨਰਿੰਦਰ ਮੋਦੀ ਸਮੇਤ ਕਈ ਮੁੱਖਮੰਤਰੀਆਂ ਅਤੇ ਐਮ.ਐਲ.ਏ., ਪ੍ਰਸ਼ਾਸਨਿਕ ਅਧਿਕਾਰੀਆਂ ਨੇ ਟਵੀਟ ਕਰ ਮਿਸ਼ਨ ਦੇ ਸੇਵਾ ਕੰਮਾਂ ਦੀ ਸ਼ਲਾਘਾ ਕੀਤੀ ਹੈ।

ਸ਼੍ਰੀ ਦੇਸ ਰਾਜ ਸਿੱਕਾ ਜੀ ਬ੍ਰਹਮਲੀਨ

ਦਿੱਲੀ। ਸੰਤ ਨਿਰੰਕਾਰੀ ਮੰਡਲ ਦੇ ਲੇਖਾ-ਜੋਖਾ ਵਿਭਾਗ ਦੇ ਮੈਂਬਰ ਇੰਚਾਰਜ਼ ਸ਼੍ਰੀ ਦੇਸ ਰਾਜ ਸਿੱਕਾ ਜੀ 24 ਅਪ੍ਰੈਲ, 2020 ਦੀ ਸ਼ਾਮ ਨੂੰ ਨਿਰੰਕਾਰ ਵਿਚ ਲੀਨ ਹੋ ਗਏ। ਆਪ ਦੀ ਉਮਰ 78 ਸਾਲ ਸੀ। 25 ਅਪ੍ਰੈਲ ਨੂੰ ਨਿਰੰਕਾਰੀ ਕਲੋਨੀ ਦੇ ਸ਼ਮਸ਼ਾਨ ਘਾਟ ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਸਪੁਤਰ ਸ਼੍ਰੀ ਅਨੁਪਮ ਸਿੱਕਾ ਜੀ ਨੇ ਉਨ੍ਹਾਂ ਨੂੰ ਦਾਗ ਦਿੱਤੀ।

ਸ਼੍ਰੀ ਸਿੱਕਾ ਜੀ ਦਾ ਜਨਮ 20 ਅਕਤੂਬਰ, 1942 ਨੂੰ ਡਾ. ਹਰਭਗਵਾਨ ਦਾਸ ਸਿੱਕਾ ਅਤੇ ਸ਼੍ਰੀਮਤੀ ਵੀਰਾ ਰਾਣੀ ਜੀ ਦੇ ਘਰ ਹੋਇਆ। ਦੇਸ ਦੀ ਵੰਡ ਤੋਂ ਬਾਦ ਆਪਦਾ ਪਰਿਵਾਰ ਭਾਰਤ ਆ ਗਿਆ ਅਤੇ ਹਰਿਆਣਾ ਦੇ ਰੋਹਤਕ ਜਿਲੇ ਦੇ ਆਂਵਲ ਪਿੰਡ ਵਿਚ ਆ ਵਸਿਆ। ਸੰਨ 1958 ਵਿਚ ਆਪਨੇ ਪੰਜਾਬ ਯੂਨੀਵਰਸਿਟੀ ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕੀਤੀ। ਸੰਨ 1960 ਵਿਚ ਆਪਨੇ ਬੀ.ਐਸ.ਸੀ. ਪਰੀਖਿਆ ਪਾਸ ਕੀਤੀ। ਸੰਨ 1960 ਵਿਚ ਹੀ ਆਪਨੂੰ ਸਟੇਟ ਬੈਂਕ ਆਫ ਪਟਿਆਲਾ ਵਿਚ ਕਲਰਕ ਦੇ ਰੂਪ ਵਿਚ ਨੌਕਰੀ ਮਿਲ ਗਈ। ਅਪਣੇ ਕੈਰੀਅਰ ਵਿਚ ਆਪਨੇ ਕਈ ਬਹੁ-ਰਾਸ਼ਟਰੀ ਕੰਪਨੀਆਂ ਨੂੰ ਵੀ ਅਪਣੀਆਂ ਸੇਵਾਵਾਂ ਦਿੱਤੀਆਂ।

ਸ਼੍ਰੀ ਦੇਸ ਰਾਜ ਸਿੱਕਾ ਜੀ ਨੂੰ ਬ੍ਰਹਮਗਿਆਨ ਦੀ ਦਾਤ ਸੰਨ 1969 ਵਿਚ ਸ਼੍ਰੀ ਭਗਵਾਨ ਦਾਸ ਦੀਵਾਨਾ (ਗੁੜਗਾਂਵ ਦੇ ਸਾਬਕਾ ਪ੍ਰਮੁਖ) ਤੋਂ ਹਾਸਿਲ ਹੋਈ। ਉਸ ਤੋਂ ਬਾਅਦ ਆਪ ਸੇਵਾਦਲ ਦੇ ਮੈਂਬਰ ਦੇ ਰੂਪ ਵਿਚ ਸੇਵਾ ਕਰਨ ਲਗੇ। 1969 ਤੋਂ 1972 ਤਕ ਆਪਨੇ ਸੇਵਾਦਲ ਸੰਚਾਲਕ ਰੂਪ ਵਿਚ ਸੇਵਾ ਕੀਤੀ।

ਸੰਨ 1972 ਵਿਚ ਯੁਗਪ੍ਰਵਤਕ ਬਾਬਾ ਗੁਰਬਚਨ ਸਿੰਘ ਜੀ ਨੇ ਆਪਨੂੰ ਦਿੱਲੀ ਆ ਕੇ ਸੰਤ ਨਿਰੰਕਾਰੀ ਮੰਡਲ ਦੇ ਲੇਖਾ-ਜੋਖਾ ਵਿਭਾਗ ਵਿਚ ਸੇਵਾ ਕਰਨ ਦਾ ਅਸ਼ੀਰਵਾਦ ਦਿੱਤਾ। ਉਸ ਸਮੇਂ ਤੋਂ ਹੀ ਆਪ ਇਸ ਸੇਵਾ ਵਿਚ ਜੁਟ ਗਏ। ਆਪਨੂੰ ਚੀਫ ਕੰਟ੍ਰੋਲਰ ਆਫ ਅਕਾਉਟਸ ਦੇ ਰੂਪ ਵਿਚ ਸੇਵਾ ਮਿਲੀ। ਸੰਨ 2002 ਵਿਚ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਆਪਨੂੰ ਭਗਤ ਕੋਟੂਮਲ ਜੀ ਦੇ ਨਾਲ ਐਡੀਸ਼ਨਲ ਮੈਂਬਰ ਇੰਚਾਰਜ਼ (ਲੇਖਾ-ਜੋਖਾ) ਦੀ ਸੇਵਾ ਪ੍ਰਦਾਨ ਕੀਤੀ ਅਤੇ ਫਿਰ 2006 ਵਿਚ ਆਪਨੂੰ ਲੇਖਾ-ਜੋਖਾ ਵਿਭਾਗ ਵਿਚ ਹੀ ਮੈਂਬਰ ਇੰਚਾਰਜ਼ ਬਣਾ ਦਿਤਾ ਗਿਆ। ਮਈ 2009 ਤੋਂ ਆਪਨੂੰ ਵਿੱਤ ਪ੍ਰਭਾਰੀ ਦੀ ਪੂਰੀ ਜ਼ਿਮੇਦਾਰੀ ਸੋਪੀ ਗਈ ਜਿਸਨੂੰ ਆਪਨੇ ਅੰਤਿਮ ਸੁਆਸਾਂ ਤਕ ਨਿਸ਼ਠਾ ਨਾਲ ਨਿਭਾਇਆ।

ਯੁਗਪ੍ਰਵਰਤਕ ਬਾਬਾ ਗੁਰਬਚਨ ਸਿੰਘ ਜੀ ਦੇ ਨਾਲ ਅਪਣਾ ਬਲੀਦਾਨ ਦੇਣ ਵਾਲੇ

ਸੇਵਾ ਦੇ ਪੁੰਜ, ਵੀਰਤਾ ਦੇ ਪ੍ਰਤੀਕ

ਚਾਚਾ ਪ੍ਰਤਾਪ ਸਿੰਘ ਜੀ ਨੂੰ ਸ਼ਤ-ਸ਼ਤ ਨਮਨ

ਦਿੱਲੀ ਦੇ ਦੰਗਾ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਸੱਮਗਰੀ ਅਤੇ ਲੰਗਰ ਵੰਡਿਆ ਗਿਆ

ਦਿੱਲੀ, 10 ਮਾਰਚ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਦਿੱਲੀ ਦੇ ਦੰਗਾ ਪ੍ਰਭਾਵਿਤਾਂ ਨੂੰ ਰਾਹਤ ਸਮੱਗਰੀ ਅਤੇ ਲੰਗਰ ਵੰਡਿਆ ਗਿਆ। ਸ਼ਿਵ ਵਿਹਾਰ, ਕਰ-ਵਲ ਨਗਰ, ਚਾਂਦ ਬਾਗ, ਭਾਗੀਰਥ ਵਿਹਾਰ, ਬ੍ਰਿਜਪੁਰੀ ਆਦਿ ਪ੍ਰਭਾਵਿਤ ਖੇਤਰਾਂ ਵਿਚ 1 ਮਾਰਚ ਤੋਂ 9 ਮਾਰਚ ਤਕ ਰਾਹਤ ਸਮੱਗਰੀ ਵੰਡੀ ਗਈ।

ਪੂਜਯ ਭੈਣ ਰੇਣੂਕਾ ਜੀ, (ਬ੍ਰਿਗੇਡੀਅਰ ਸੇ.ਨਿ.) ਸ਼੍ਰੀ ਪੀ.ਐਸ. ਚੀਮਾ ਮਹਾਂਸਕੱਤਰ (ਸੰਨਿੰਮੰ), ਡਾ. ਨਰੇਸ਼ ਜੀ, ਜੇ.ਐਸ.ਖੁਰਾਨਾ, ਸ਼੍ਰੀ ਸ਼ੁਭਕਰਣ, ਸ਼੍ਰੀ ਬ੍ਰਹਮਪ੍ਰਕਾਸ਼ ਚੌਧਰੀ, ਸੇਵਾਦਲ ਸੰਚਾਲਕ ਸ਼੍ਰੀ ਬੁੱਧਰਾਮ ਆਦਿ ਨਾਲ ਅਨੇਕਾਂ ਮਹਾਤਮਾਵਾਂ ਨੇ ਯੋਗਦਾਨ ਦਿੱਤਾ।

For all correspondence regarding Magazines & Sending Material for Printing, Please use : email- sulekh.sathi@nirankari.org, Mob.: 8750950000 -Managing Editor

ਦੂਰ-ਦੇਸ਼ਾਂ ਵਿਚ ਕੋਰੋਨਾ ਨਾਲ ਪੀੜਿਤ ਪ੍ਰਭਾਵਿਤਾਂ
ਦੀ ਸੇਵਾ ਵਿਚ ਯੋਗਦਾਨ ਦੇਂਦੇ ਹੋਏ
ਸੰਤ ਨਿਰੰਕਾਰੀ ਮਿਸ਼ਨ ਦੇ ਸ਼ਰਧਾਲੂ

Registered with the Registrar of Newspaper
For India Under RNI Number 961/57

Delhi Postal Regd. No. G-3/DL(N)/134/2018-20
Licence Number U(DN)-18/2018-20
Licenced to Post Without Pre Payment

ਨਰ ਸੇਵਾ ਨਾਰਾਇਣ ਪੂਜਾ...

Posted at NDPSO
Prescribed Dates 1st & 2nd Same Month
Dates of Publication :
27th & 28th of June 2020